# ਪਿਆਰੇ ਵਿਦਿਆਰਥੀਓ!!



10ਵੀਂ ਜਮਾਤ ਦੀ ਇਸ ਈ-ਬੁੱਕ ਵਿਚ ਕੰਪਿਊਟਰ ਸਾਇੰਸ ਦੇ ਨਵੇਂ ਸਿਲੇਬਸ (2024-25) ਅਨੁਸਾਰ ਤੁਹਾਨੂੰ ਸਟਡੀ ਮਟੀਰੀਅਲ ਭੇਜਿਆ ਜਾ ਰਿਹਾ ਹੈ। ਤੁਸੀਂ ਆਪਣੇ ਟੈਸਟ/ਪੇਪਰਾਂ ਦੀ ਤਿਆਰੀ ਇਹਨਾਂ ਨੋਟਸਾਂ ਨੂੰ ਪੜ੍ਹਦੇ ਹੋਏ ਅਤੇ ਹੇਠਾਂ ਦਿਤੇ ਵਿਡੀਓ ਲੈਕਚਰਾਂ ਨੂੰ ਦੇਖਦੇ ਹੋਏ ਬੜੀ ਆਸਾਨੀ ਨਾਲ ਕਰ ਸਕਦੇ ਹੋ। ਨਿੱਚੇ ਨਿੱਲੇ ਰੰਗ ਵਿਚ ਵਿਡੀਓ ਲੈਕਚਰਾਂ ਦੇ ਲਿੰਕ ਦਿਤੇ ਗਏ ਹਨ, ਜਿਨ੍ਹਾਂ ਉਪਰ ਕਲਿੱਕ ਕਰਕੇ ਤੁਸੀਂ ਸੰਬੰਧਤ ਪਾਠ ਦਾ ਵਿਡੀਓ ਲੈਕਚਰ ਦੇਖਦੇ ਹੋਏ ਉਸ ਪਾਠ ਨੂੰ ਚੰਗੀ ਤਰ੍ਹਾਂ ਸਮਝ ਸਕਦੇ ਹੋ।

## 10ਵੀਂ ਜਮਾਤ ਲਈ ਕੰਪਿਊਟਰ ਸਾਇੰਸ ਦਾ ਸਿਲੇਬਸ ਅਤੇ ਵਿਡੀਓ ਲੈਕਚਰਜ਼ ਦੇ ਲਿੰਕ

| ਪਾਠ | ਪਾਠ ਦੀ ਵਿਆਖਿਆ | ਅਭਿਆਸ ਪ੍ਰਸ਼ਨਾਂ ਦਾ ਹੱਲ | ਦੁਹਰਾਈ ਲਈ ਲਿੰਕ |
|---|---|---|---|
| ਪਾਠ-1 ਆਫਿਸ ਟੂਲਸ | https://youtu.be/Id9j6u84ogo | https://youtu.be/0mdtRvkR1L8 | https://youtu.be/nTTjLqVIS8s |
| ਪਾਠ-2 HTML-1 | https://youtu.be/NOnCpsDMSYs | https://youtu.be/mQfZJaMMrWQ | https://youtu.be/DhYiCrQHtRo |
| ਪਾਠ-3 HTML-2 | https://youtu.be/ULZGiTDL7D0 | https://youtu.be/V_TcVpdRovE | https://youtu.be/QCVBtx12JQ4 |
| ਪਾਠ-4 HTML-3 | https://youtu.be/5xCOSrPMcBI | https://youtu.be/V_TcVpdRovE | https://youtu.be/7PtF2oI18YI |
| ਪਾਠ-5 ਓਪਰੇਟਿੰਗ ਸਿਸਟਮ | https://youtu.be/QRWDEfZKcGI | https://youtu.be/N3kHjbycNrM | https://youtu.be/WAlILgkMeQ0 |
| ਪਾਠ-6 ਡੈਸਕਟਾਪ ਪਬਲੀਸ਼ਿੰਗ | https://youtu.be/9GBAIiFMUal | https://youtu.be/yYRWP3I6Fng | https://youtu.be/9X3_1LwA2ro |
| ਪਾਠ-7 ਮਾਈਕ੍ਰੋਸਾਫਟ ਪਬਲੀਸ਼ਰ | https://youtu.be/QWhlyb10sdI | https://youtu.be/jKIT9a49jm4 | https://youtu.be/11Q2g2_BzE4 |
| ਪਲੇਅਲਿਸਟ ਦੇ ਲਿੰਕ | https://www.youtube.com/playlist?list=PLja3EaJFAjmbp-HISbHmdHogP10foUyqn | https://www.youtube.com/playlist?list=PLja3EaJFAjmal7j9srJRw_bNjqBGIcVyf | https://www.youtube.com/playlist?list=PLja3EaJFAjmbHFqNBhHHZzeDGbQM3yhsQ |

| | | |
|---|---|---|
| HTML ਪ੍ਰੈਕਟੀਕਲ ਲਿੰਕਸ | ਪ੍ਰੈਕਟੀਕਲ ਸੈਸ਼ਨ – HTML ਪ੍ਰੋਗਰਾਮਿੰਗ (ਭਾਗ-1) | https://youtu.be/DcYz0QX9CVs |
| | ਪ੍ਰੈਕਟੀਕਲ ਸੈਸ਼ਨ – HTML ਪ੍ਰੋਗਰਾਮਿੰਗ (ਭਾਗ-2) | https://youtu.be/qLlzLKrbhIA |
| | ਪ੍ਰੈਕਟੀਕਲ ਸੈਸ਼ਨ – ਮੋਬਾਈਲ ਉਪਰ HTML ਪ੍ਰੋਗਰਾਮਿੰਗ | https://youtu.be/PYFuKCwdlOY |

**PLEASE DO NOT FORGET TO LIKE, SHARE AND SUBSCRIBE OUR YOUTUBE CHANNEL**

YouTube **http://youtube.com/c/computersciencepunjab**

ਤਿਆਰ ਕਰਤਾ:
ਵਿਕਾਸ ਕਾਂਸਲ ਅਤੇ ਸੁਖਵਿੰਦਰ ਸਿੰਘ
ਕੰਪਿਊਟਰ ਫੈਕਲਟੀ, ਸ਼ਹੀਦ ਊਧਮ ਸਿੰਘ ਸਰਕਾਰੀ (ਕੰ) ਸੀ. ਸੈ. ਸਕੂਲ, ਸੁਨਾਮ ਊਧਮ ਸਿੰਘ ਵਾਲਾ (ਸੰਗਰੂਰ)

6ਵੀਂ ਤੋਂ 12ਵੀਂ ਕਿਸੇ ਵੀ ਜਮਾਤ ਲਈ ਕੰਪਿਊਟਰ ਸਾਇੰਸ ਦੇ ਸਟਡੀ ਮਟੀਰੀਅਲ/ਈ-ਬੁੱਕਸ/ਈ-ਕੰਟੈਂਟਸ (ਪੰਜਾਬੀ/ਅੰਗਰੇਜ਼ੀ ਮਾਧਿਅਮ ਵਿਚ) ਡਾਊਨਲੋਡ ਕਰਨ ਲਈ ਹੇਠਾਂ ਦਿਤੇ ਲਿੰਕ ਦੀ ਵਰਤੋਂ ਕਰੋ ਜੀ:

**http://cspunjab.nirmancampus.co.in/study.php**

## ਪਾਠ – 1
## ਆਫਿਸ ਟੂਲਜ਼

**ਪ੍ਰਸ਼ਨ: 1 ਬਹੁ-ਵਿਕਲਪੀ ਪ੍ਰਸ਼ਨ:**

1. ਹੇਠ ਲਿਖਿਆਂ ਵਿਚੋਂ ਕਿਹੜੀ ਆਫਿਸ ਟੂਲਜ਼ ਦੀ ਉਦਾਹਰਣ ਹੈ?
   ੳ. MS Word  ਅ. Google Slides  ੲ. MS PowerPoint  **ਸ. All of these**
2. ਹੇਠ ਲਿਖਿਆਂ ਵਿਚੋਂ ਕਿਹੜੀ ਵਰਡ-ਪ੍ਰੋਸੈਸਰ ਦੀ ਉਦਾਹਰਣ ਹੈ?
   **ੳ. Google Docs**  ਅ. Google Sheets  ੲ. Google Drive  ਸ. MS Excel
3. ਹੇਠ ਲਿਖਿਆਂ ਵਿਚੋਂ ਕਿਹੜੀ ਗੂਗਲ ਦੇ ਆਨਲਾਈਨ ਆਫਿਸ ਟੂਲ ਦੀ ਉਦਾਹਰਣ ਨਹੀਂ ਹੈ?
   ੳ. Google Slides  ਅ. Google Docs  **ੲ. OpenOffice Writer**  ਸ. Google Sheets
4. ਕਿਹੜੇ ਸੌਫਟਵੇਅਰ ਕੰਪਿਊਟਰ ਨੂੰ ਓਪਰੇਟ ਕਰਨ, ਕੰਟਰੋਲ ਕਰਨ ਅਤੇ ਪ੍ਰੋਸੈਸਿੰਗ ਸਮਰੱਥਾਵਾਂ ਨੂੰ ਵਧਾਉਣ ਲਈ ਡਿਜ਼ਾਈਨ ਕੀਤੇ ਗਏ ਹਨ?
   ੳ. ਐਪਲੀਕੇਸ਼ਨ ਸਾਫਟਵੇਅਰ  **ਅ. ਸਿਸਟਮ ਸਾਫਟਵੇਅਰ**
   ੲ. ਗੂਗਲ ਦੇ ਆਨਲਾਈਨ ਆਫਿਸ ਟੂਲਜ਼  ਸ. ਉਪਰੋਕਤ ਸਾਰੇ
5. ________ ਪ੍ਰੋਗਰਾਮਾਂ ਦਾ ਸਮੂਹ ਹੁੰਦੇ ਹਨ ਜੋ ਯੂਜ਼ਰ ਨੂੰ ਕਿਸੇ ਵਿਸ਼ੇਸ਼ ਕੰਮ ਨੂੰ ਕਰਨ ਯੋਗ ਬਨਾਉਂਦੇ ਹਨ।
   **ੳ. ਸਾਫਟਵੇਅਰ**  ਅ. ਹਾਰਡਵੇਅਰ  ੲ. ਭਾਸ਼ਾ ਟ੍ਰਾਂਸਲੇਟਰਜ਼  ਸ. ਪ੍ਰੋਗਰਾਮਿੰਗ ਭਾਸ਼ਾਵਾਂ
6. "Anyone with the link" ਆਪਸ਼ਨ ਸੈਟ ਕਰਨ ਤੋਂ ਬਾਅਦ ਅਸੀਂ ਗੂਗਲ ਡੌਕਸ ਵਿਚ ਬਣਾਈ ਗਈ ਫਾਈਲ ਨੂੰ ਸ਼ੇਅਰ ਕਰਨ ਲਈ ਡਰਾਪ-ਡਾਉਨ ਮੀਨੂੰ ਦੀ ਵਰਤੋਂ ਕਰਕੇ ਹੇਠਾਂ ਦਿੱਤੇ ਕਿਹੜੇ ਐਕਸੈਸ ਲੈਵਲ ਨੂੰ ਸੈੱਟ ਕਰ ਸਕਦੇ ਹਾਂ?
   ੳ. Viewer (ਦਰਸ਼ਕ)  ਅ. Commenter (ਟਿੱਪਣੀਕਾਰ)  ੲ. Editor (ਐਡੀਟਰ)  **ਸ. ਉਪਰੋਕਤ ਸਾਰੇ**

**ਪ੍ਰਸ਼ਨ:2 ਖਾਲੀ ਥਾਵਾਂ ਭਰੋ।**

1. ਐਪਲੀਕੇਸ਼ਨ ਸਾਫਟਵੇਅਰਜ਼ ਨੂੰ ________________ ਵੀ ਕਿਹਾ ਜਾਂਦਾ ਹੈ।
2. ਸਿਸਟਮ ਸਾਫਟਵੇਅਰ ਆਮ ਤੌਰ ਤੇ ________ ਕੰਪਿਊਟਰ ਪ੍ਰੋਗਰਾਮਿੰਗ ਭਾਸ਼ਾਵਾਂ ਵਿਚ ਲਿਖੇ ਜਾਂਦੇ ਹਨ।
3. ਵੱਖ-ਵੱਖ ਤਰ੍ਹਾਂ ਦੇ ਆਫਿਸ ਟੂਲਜ਼ __________ ਸਾਫਟਵੇਅਰਾਂ ਦੀ ਸ਼੍ਰੇਣੀ ਵਿਚ ਆਉਂਦੇ ਹਨ।
4. _________________ ਇਕ ਅਜਿਹਾ ਸਾਫਟਵੇਅਰ ਹੈ ਜੋ ਟੇਬੁਲਰ ਡਾਟਾ ਨੂੰ ਆਸਾਨੀ ਨਾਲ ਪ੍ਰੋਸੈਸ ਕਰਨ ਅਤੇ ਉਸਦਾ ਵਿਸ਼ਲੇਸ਼ਣ ਕਰਨ ਦੀ ਆਗਿਆ ਦਿੰਦਾ ਹੈ।
5. _____________ ਇਕ ਮੁਫਤ ਆਨਲਾਈਨ ਵਰਡ ਪ੍ਰੋਸੈਸਰ ਹੈ।

ਉੱਤਰ: **1. ਐਂਡ-ਯੂਜ਼ਰ ਐਪਲੀਕੇਸ਼ਨਜ਼**  **2. ਲੋਅ-ਲੇਵਲ (Low-Level)**  **3. ਐਪਲੀਕੇਸ਼ਨ**  **4. ਸਪ੍ਰੈਡਸ਼ੀਟ ਸਾਫਟਵੇਅਰ**  **5. Google Docs**

**ਪ੍ਰਸ਼ਨ:3 ਛੋਟੇ ਉਤਰਾਂ ਵਾਲੇ ਪ੍ਰਸ਼ਨ:**

**ਪ੍ਰਸ਼ਨ 1. ਆਫਿਸ ਟੂਲਸ ਦੀ ਪਰਿਭਾਸ਼ਾ ਦਿਓ?**

ਉੱਤਰ: ਉਹ ਸਾਫਟਵੇਅਰ ਜੋ ਕੰਪਿਊਟਰ ਯੂਜ਼ਰਜ਼ ਨੂੰ ਉਹਨਾਂ ਦੇ ਦਫਤਰੀ ਕੰਮਾਂ-ਕਾਰਾਂ ਵਿਚ ਵਧੇਰੇ ਲਾਭਕਾਰੀ ਅਤੇ ਕੁਸ਼ਲ ਬਣਾਉਣ ਲਈ ਤਿਆਰ ਕੀਤੇ ਗਏ ਹਨ, ਉਹਨਾਂ ਨੂੰ ਆਫਿਸ ਟੂਲਸ ਵਜੋਂ ਜਾਣਿਆ ਜਾਂਦਾ ਹੈ। ਵਰਡ ਪ੍ਰੋਸੈਸਰ, ਸਪ੍ਰੈਡਸ਼ੀਟ, ਪ੍ਰੈਜ਼ਨਟੇਸ਼ਨ ਸਾਫਟਵੇਅਰ ਆਦਿ ਕੁੱਝ ਮਹੱਤਵਪੂਰਣ ਐਪਲੀਕੇਸ਼ਨ ਸਾਫਟਵੇਅਰਾਂ ਦੀਆਂ ਉਦਾਹਰਣਾਂ ਹਨ। ਇਹ ਟੂਲਜ਼ ਵੱਖ-ਵੱਖ ਦਫਤਰੀ ਕੰਮਾਂ ਵਿਚ ਯੂਜ਼ਰਜ਼ ਦਾ ਸਮਾਂ ਅਤੇ ਮਿਹਨਤ ਬਚਾਉਣ ਵਿੱਚ ਮਦਦ ਕਰਦੇ ਹਨ।

**ਪ੍ਰਸ਼ਨ 2. ਐਪਲੀਕੇਸ਼ਨ ਸਾਫਟਵੇਅਰ ਕੀ ਹਨ?**

ਉੱਤਰ: ਐਪਲੀਕੇਸ਼ਨ ਸਾਫਟਵੇਅਰਾਂ ਨੂੰ ਐਂਡ-ਯੂਜ਼ਰ ਐਪਲੀਕੇਸ਼ਨਜ਼ ਵਜੋਂ ਵੀ ਜਾਣਿਆ ਜਾਂਦਾ ਹੈ। ਇਹ ਸਾਫਟਵੇਅਰ ਆਮ ਤੌਰ ਤੇ ਯੂਜ਼ਰਜ਼ ਲਈ ਖਾਸ ਕੰਮ ਕਰਨ ਲਈ ਤਿਆਰ ਕੀਤੇ ਗਏ ਹਨ। ਇਹ ਸਾਫਟਵੇਅਰ ਆਮ ਤੌਰ 'ਤੇ ਹਾਈ-ਲੇਵਲ ਪ੍ਰੋਗਰਾਮਿੰਗ ਭਾਸ਼ਾਵਾਂ ਵਿੱਚ ਲਿਖੇ ਜਾਂਦੇ ਹਨ। ਐਪਲੀਕੇਸ਼ਨ ਸਾਫਟਵੇਅਰ ਓਪਰੇਟਿੰਗ ਸਿਸਟਮ ਦੀ ਮਦਦ ਬਿਨਾਂ ਨਹੀਂ ਚੱਲ ਸਕਦੇ। ਐਮ.ਐਸ. ਵਰਡ, ਐਕਸਲ, ਪਾਵਰਪੁਆਇੰਟ ਆਦਿ ਐਪਲੀਕੇਸ਼ਨ ਸਾਫਟਵੇਅਰਾਂ ਦੀਆਂ ਉਦਾਹਰਣਾਂ ਹਨ।

**ਪ੍ਰਸ਼ਨ 3. ਵਰਡ ਪ੍ਰੋਸੈਸਰ ਟੂਲਜ਼ ਦੀਆਂ ਕੁੱਝ ਉਦਾਹਰਣਾਂ ਲਿਖੋ।**

ਉੱਤਰ: ਵਰਡ ਪ੍ਰੋਸੈਸਰ ਟੂਲਜ਼/ਸਾਫਟਵੇਅਰਾਂ ਦੀਆਂ ਉਦਾਹਰਨਾਂ ਹੇਠਾਂ ਦਿੱਤੀਆਂ ਗਈਆਂ ਹਨ:

1. ਮਾਈਕਰੋਸਾਫਟ ਵਰਡ
2. ਗੂਗਲ ਡਾਕਸ
3. ਓਪਨ-ਆਫਿਸ ਰਾਈਟਰ
4. ਵਰਡਪੈਡ
5. ਵਰਡ-ਪਰਫੈਕਟ

**ਪ੍ਰਸ਼ਨ 4. ਮਲਟੀਮੀਡੀਆ ਟੂਲਜ਼ ਬਾਰੇ ਲਿਖੋ।**

ਉੱਤਰ: ਮਲਟੀਮੀਡੀਆ ਸੰਚਾਰ ਦਾ ਇੱਕ ਰੂਪ ਹੈ ਜਿਸ ਵਿਚ ਕੰਟੈਂਟਸ ਦੇ ਵੱਖ-ਵੱਖ ਰੂਪਾਂ ਜਿਵੇਂ ਕਿ ਟੈਕਸਟ, ਆਡੀਓ, ਚਿੱਤਰ, ਐਨੀਮੇਸ਼ਨ, ਅਤੇ ਵੀਡੀਓ ਦੀ ਵਰਤੋਂ ਕਰਦੇ ਹੋਏ ਪ੍ਰੈਜ਼ੈਂਟੇਸ਼ਨ ਤਿਆਰ ਕੀਤੀ ਜਾਂਦੀ ਹੈ। ਮਲਟੀਮੀਡੀਆ ਟੂਲਜ਼ ਦੀ ਵਰਤੋਂ ਨਾਲ ਯੂਜ਼ਰਜ਼ ਕੰਟੈਂਟਸ ਦੇ ਵੱਖ-ਵੱਖ ਰੂਪਾਂ ਦੀ ਵਰਤੋਂ ਕਰਕੇ ਮਲਟੀਮੀਡੀਆ ਐਪਲੀਕੇਸ਼ਨ/ਸਮੱਗਰੀ ਬਣਾਉਂਦੇ ਹਨ। ਅਡੋਬ-ਫਲੈਸ਼, ਮੀਡੀਆ-ਪਲੇਅਰ ਅਤੇ ਰੀਅਲ-ਪਲੇਅਰ ਮਲਟੀਮੀਡੀਆ ਟੂਲਜ਼ ਦੀਆਂ ਉਦਾਹਰਣਾਂ ਹਨ।

**ਪ੍ਰਸ਼ਨ 5. ਗੂਗਲ ਡੌਕਸ (Google Docs) ਦਾ ਵਰਨਣ ਕਰੋ।**

ਉੱਤਰ: ਗੂਗਲ ਡੌਕਸ ਇੱਕ ਮੁਫਤ ਔਨਲਾਈਨ ਵਰਡ-ਪ੍ਰੋਸੈਸਰ ਹੈ। ਇਹ ਡਾਕੂਮੈਂਟ ਬਣਾਉਣ ਅਤੇ ਐਡਿਟ ਕਰਨ ਲਈ ਵਰਤੀ ਜਾਣ ਵਾਲੀ ਵੈੱਬ-ਅਧਾਰਿਤ ਡਾਕੂਮੈਂਟ-ਪ੍ਰਬੰਧਨ ਐਪਲੀਕੇਸ਼ਨ ਹੈ। ਇਹ ਵਰਡ ਪ੍ਰੋਸੈਸਰ ਰੀਅਲ-ਟਾਈਮ ਔਨਲਾਈਨ ਵਰਡ-ਪ੍ਰੋਸੈਸਿੰਗ ਵਿੱਚ ਸਾਡੀ ਮਦਦ ਕਰਦਾ ਹੈ। ਗੂਗਲ ਡੌਕਸ ਸਾਨੂੰ ਕਈ ਕਿਸਮਾਂ ਦੀਆਂ ਡਾਕੂਮੈਂਟ ਫ਼ਾਈਲਾਂ ਜਿਵੇਂ ਕਿ: .docx, .pdf, .odt, .rtf, .txt, ਅਤੇ .html ਆਦਿ ਬਣਾਉਣ ਦੀ ਸਹੂਲਤ ਪ੍ਰਦਾਨ ਕਰਦਾ ਹੈ।

**ਪ੍ਰਸ਼ਨ:4 ਵੱਡੇ ਉਤਰਾਂ ਵਾਲੇ ਪ੍ਰਸ਼ਨ**

**ਪ੍ਰਸ਼ਨ 1. ਸਾਫਟਵੇਅਰ ਕੀ ਹੁੰਦੇ ਹਨ? ਵੱਖ-ਵੱਖ ਕਿਸਮਾਂ ਦੇ ਸਾਫਟਵੇਅਰਜ਼ ਦਾ ਵਰਨਣ ਕਰੋ।**

ਉੱਤਰ: ਸਾਫਟਵੇਅਰ ਪ੍ਰੋਗਰਾਮਾਂ ਦਾ ਇੱਕ ਸਮੂਹ ਹੁੰਦਾ ਹੈ ਜੋ ਯੂਜ਼ਰਜ਼ ਨੂੰ ਕੁੱਝ ਖਾਸ ਕੰਮ ਕਰਨ ਦੇ ਯੋਗ ਬਣਾਉਂਦਾ ਹੈ ਜਾਂ ਕੰਪਿਊਟਰ ਨੂੰ ਚਲਾਉਣ ਲਈ ਵਰਤਿਆ ਜਾਂਦਾ ਹੈ। ਸਾਫਟਵੇਅਰਜ਼ ਤੋਂ ਬਿਨਾਂ, ਯੂਜ਼ਰ ਕੰਪਿਊਟਰ 'ਤੇ ਕੋਈ ਕੰਮ ਨਹੀਂ ਕਰ ਸਕਦਾ। ਸਾਫਟਵੇਅਰ ਨੂੰ ਮੁੱਖ ਤੌਰ 'ਤੇ ਦੋ ਕਿਸਮਾਂ ਵਿੱਚ ਵੰਡਿਆ ਜਾ ਸਕਦਾ ਹੈ: ਐਪਲੀਕੇਸ਼ਨ ਸਾਫਟਵੇਅਰ ਅਤੇ ਸਿਸਟਮ ਸਾਫਟਵੇਅਰ।




1) **ਸਿਸਟਮ ਸਾਫਟਵੇਅਰ:** ਸਿਸਟਮ ਸਾਫਟਵੇਅਰ ਸਿਸਟਮ ਪ੍ਰੋਗਰਾਮਾਂ ਦਾ ਸਮੂਹ ਹੁੰਦਾ ਹੈ। ਇਹ ਸਾਫਟਵੇਅਰ ਕੰਪਿਊਟਰ ਨੂੰ ਚਲਾਉਣ, ਕੰਟਰੋਲ ਕਰਨ ਅਤੇ ਇਸਦੀ ਪ੍ਰੋਸੈਸਿੰਗ ਸਮਰੱਥਾ ਵਧਾਉਣ ਲਈ ਤਿਆਰ ਕੀਤੇ ਜਾਂਦੇ ਹਨ। ਇਹ ਸੌਫਟਵੇਅਰ ਆਮ ਤੌਰ 'ਤੇ ਲੋਅ-ਲੇਵਲ ਕੰਪਿਊਟਰ ਪ੍ਰੋਗਰਾਮਿੰਗ ਭਾਸ਼ਾਵਾਂ ਵਿੱਚ ਲਿਖੇ ਜਾਂਦੇ ਹਨ। ਸਿਸਟਮ ਸਾਫਟਵੇਅਰ ਦੀਆਂ ਕੁਝ ਉਦਾਹਰਣਾਂ ਹਨ: ਓਪਰੇਟਿੰਗ ਸਿਸਟਮ, ਭਾਸ਼ਾ ਟ੍ਰਾਂਸਲੇਟਰ, ਆਦਿ।

2) **ਐਪਲੀਕੇਸ਼ਨ ਸਾਫਟਵੇਅਰ:** ਐਪਲੀਕੇਸ਼ਨ ਸਾਫਟਵੇਅਰਾਂ ਨੂੰ ਐਂਡ-ਯੂਜ਼ਰ ਐਪਲੀਕੇਸ਼ਨਜ਼ ਵਜੋਂ ਵੀ ਜਾਣਿਆ ਜਾਂਦਾ ਹੈ। ਇਹ ਸਾਫਟਵੇਅਰ ਆਮ ਤੌਰ ਤੇ ਯੂਜ਼ਰਜ਼ ਲਈ ਖਾਸ ਕੰਮ ਕਰਨ ਲਈ ਤਿਆਰ ਕੀਤੇ ਗਏ ਹਨ। ਇਹ ਸਾਫਟਵੇਅਰ ਆਮ ਤੌਰ 'ਤੇ ਹਾਈ-ਲੇਵਲ ਪ੍ਰੋਗਰਾਮਿੰਗ ਭਾਸ਼ਾਵਾਂ ਵਿੱਚ ਲਿਖੇ ਜਾਂਦੇ ਹਨ। ਐਪਲੀਕੇਸ਼ਨ ਸਾਫਟਵੇਅਰ ਓਪਰੇਟਿੰਗ ਸਿਸਟਮ ਦੀ ਮਦਦ ਬਿਨਾਂ ਨਹੀਂ ਚੱਲ ਸਕਦੇ। ਐਮ.ਐਸ. ਵਰਡ, ਐਕਸਲ, ਪਾਵਰਪੁਆਇੰਟ ਆਦਿ ਐਪਲੀਕੇਸ਼ਨ ਸਾਫਟਵੇਅਰਾਂ ਦੀਆਂ ਉਦਾਹਰਣਾਂ ਹਨ।

**ਪ੍ਰਸ਼ਨ 2. ਆਨਲਾਈਨ ਆਫਿਸ ਟੂਲਜ਼ ਦੀ ਵਰਤੋਂ ਦੇ ਲਾਭ ਅਤੇ ਹਾਨੀਆਂ ਲਿਖੋ।**

ਉੱਤਰ: ਆਨਲਾਈਨ ਆਫਿਸ ਟੂਲਸ ਦੀ ਵਰਤੋਂ ਦੇ ਮੁੱਖ ਲਾਭ ਅਤੇ ਨੁਕਸਾਨ ਹੇਠਾਂ ਦਿੱਤੇ ਗਏ ਹਨ:

**ਆਨਲਾਈਨ ਆਫਿਸ ਟੂਲਜ਼ ਦੀ ਵਰਤੋਂ ਦੇ ਲਾਭ:**

- ਆਨਲਾਈਨ ਆਫਿਸ ਟੂਲਜ਼ ਦੀ ਵਰਤੋਂ ਕਰਨ ਦੀ ਲਾਗਤ ਜਾਂ ਤਾਂ ਬਹੁਤ ਘੱਟ ਹੈ ਜਾਂ ਇਹਨਾਂ ਸੇਵਾਵਾਂ ਦੀ ਵਰਤੋਂ ਕਰਨ ਲਈ ਕੋਈ ਬਹੁਤਾ ਖਰਚਾ ਨਹੀਂ ਹੁੰਦਾ।
- ਇਹਨਾਂ ਆਨਲਾਈਨ ਟੂਲਜ਼/ਸਾਫਟਵੇਅਰ ਨੂੰ ਡਾਊਨਲੋਡ ਜਾਂ ਇੰਸਟਾਲ ਕਰਨ ਦੀ ਲੋੜ ਨਹੀਂ ਪੈਂਦੀ।
- ਆਨਲਾਈਨ ਆਫਿਸ ਟੂਲਜ਼ ਘੱਟ ਤੋਂ ਘੱਟ ਹਾਰਡਵੇਅਰ ਲੋੜਾਂ ਦੇ ਨਾਲ ਥਿੰਨ ਕਲਾਇੰਟ (N-Computing) 'ਤੇ ਚੱਲ ਸਕਦੇ ਹਨ।
- ਆਨਲਾਈਨ ਆਫਿਸ ਟੂਲਜ਼ ਫਾਈਲਾਂ ਨੂੰ ਸ਼ੇਅਰ ਕਰਨ ਦੀ ਸਹੂਲਤ ਪ੍ਰਦਾਨ ਕਰਦੇ ਹਨ।
- ਆਨਲਾਈਨ ਆਫਿਸ ਟੂਲਜ਼ ਪੋਰਟੇਬਲ ਟੂਲਜ਼ ਹਨ।

**ਆਨਲਾਈਨ ਆਫਿਸ ਟੂਲਸ ਦੀ ਵਰਤੋਂ ਦੇ ਨੁਕਸਾਨ:**

- ਇਹਨਾਂ ਟੂਲਜ਼ ਨੂੰ ਐਕਸੈਸ ਕਰਨ ਲਈ ਹਾਈ ਸਪੀਡ ਇੰਟਰਨੈਟ ਕਨੈਕਟੀਵਿਟੀ ਦੀ ਜਰੂਰਤ ਪੈਂਦੀ ਹੈ।
- ਆਫਲਾਈਨ ਟੂਲਜ਼ ਦੇ ਮੁਕਾਬਲੇ ਆਨਲਾਈਨ ਟੂਲਜ਼ ਵਿੱਚ ਐਡਵਾਂਸ ਵਿਸ਼ੇਸ਼ਤਾਵਾਂ ਦੀ ਘਾਟ ਹੁੰਦੀ ਹੈ।
- ਯੂਜ਼ਰਜ਼ ਦਾ ਵਰਤੇ ਜਾ ਰਹੇ ਸਾਫਟਵੇਅਰ ਦੇ ਸੰਸਕਰਣ (Version) 'ਤੇ ਕੋਈ ਕੰਟਰੋਲ ਨਹੀਂ ਹੁੰਦਾ।

**ਪ੍ਰਸ਼ਨ 3. ਆਫਲਾਈਨ ਅਤੇ ਆਨਲਾਈਨ ਆਫਿਸ ਟੂਲਜ਼ ਦੀ ਤੁਲਨਾ ਕਰੋ।**

ਉੱਤਰ: ਹੇਠਾਂ ਦਿੱਤਾ ਟੇਬਲ ਆਫਲਾਈਨ ਅਤੇ ਆਨਲਾਈਨ ਆਫਿਸ-ਟੂਲਜ਼ ਵਿਚਕਾਰ ਤੁਲਨਾ ਨੂੰ ਦਰਸਾਉਂਦਾ ਹੈ:

| | ਆਫਲਾਈਨ ਆਫਿਸ ਟੂਲਜ਼ | ਆਨਲਾਈਨ ਆਫਿਸ ਟੂਲਜ਼ |
|---|---|---|
| 1 | ਇਹਨਾਂ ਟੂਲਜ਼ ਦੀ ਵਰਤੋਂ ਕਰਨ ਲਈ ਇੰਟਰਨੈਟ ਕੁਨੈਕਸ਼ਨ ਦੀ ਲੋੜ ਨਹੀਂ ਪੈਂਦੀ | ਇਹਨਾਂ ਟੂਲਜ਼ ਦੀ ਵਰਤੋਂ ਕਰਨ ਲਈ ਇੰਟਰਨੈਟ ਕੁਨੈਕਸ਼ਨ ਦੀ ਲੋੜ ਪੈਂਦੀ ਹੈ। |
| 2 | ਆਫਲਾਈਨ ਆਫਿਸ ਟੂਲਸ ਵਿੱਚ ਬਣਾਈਆਂ ਗਈਆਂ ਫਾਈਲਾਂ ਨੂੰ ਕੰਪਿਊਟਰ ਸਿਸਟਮ ਦੇ ਲੋਕਲ ਸਟੋਰੇਜ ਵਿੱਚ ਸਟੋਰ ਹੁੰਦੀਆਂ ਹਨ। | ਆਨਲਾਈਨ ਆਫਿਸ ਟੂਲਜ਼ ਵਿੱਚ ਬਣਾਈਆਂ ਗਈਆਂ ਫਾਈਲਾਂ ਕਲਾਉਡ ਸਟੋਰੇਜ ਉਪਰ ਆਨਲਾਈਨ ਸਟੋਰ ਹੁੰਦੀਆਂ ਹਨ। |
| 3 | ਫਾਈਲਾਂ ਨੂੰ ਸਿਰਫ਼ ਸਥਾਨਕ ਕੰਪਿਊਟਰ ਸਿਸਟਮ 'ਤੇ ਹੀ ਐਕਸੈਸ ਕੀਤਾ ਜਾ ਸਕਦਾ ਹੈ ਜਿੱਥੇ ਉਹ ਸਟੋਰ ਕੀਤੀਆਂ ਜਾਂਦੀਆਂ ਹਨ | ਫਾਈਲਾਂ ਨੂੰ ਦੁਨੀਆ ਵਿੱਚ ਕਿਤੇ ਵੀ ਐਕਸੈਸ ਕੀਤਾ ਜਾ ਸਕਦਾ ਹੈ ਕਿਉਂਕਿ ਫਾਈਲਾਂ ਔਨਲਾਈਨ ਸਟੋਰੇਜ ਮੀਡੀਆ ਵਿੱਚ ਸਟੋਰ ਕੀਤੀਆਂ ਜਾਂਦੀਆਂ ਹਨ |
| 4 | ਫਾਈਲਾਂ ਨੂੰ ਆਸਾਨੀ ਨਾਲ ਸ਼ੇਅਰ ਨਹੀਂ ਕੀਤਾ ਜਾ ਸਕਦਾ ਹੈ। | ਇਨਬਿਲਟ ਆਪਸ਼ਨਾਂ ਦੀ ਵਰਤੋਂ ਨਾਲ ਫਾਈਲਾਂ ਨੂੰ ਆਸਾਨੀ ਨਾਲ ਸ਼ੇਅਰ ਕੀਤਾ ਜਾ ਸਕਦਾ ਹੈ। |
| 5 | ਇਹਨਾਂ ਐਪਸ ਵਿੱਚ ਬਣਾਈਆਂ ਗਈਆਂ ਫਾਈਲਾਂ 'ਤੇ ਕਈ ਯੂਜ਼ਰ ਇਕੋ ਸਮੇਂ ਆਸਾਨੀ ਨਾਲ ਕੰਮ ਨਹੀਂ ਕਰ ਸਕਦੇ। | ਇਹਨਾਂ ਐਪਸ ਵਿੱਚ ਬਣਾਈਆਂ ਗਈਆਂ ਫਾਈਲਾਂ 'ਤੇ ਕਈ ਯੂਜ਼ਰ ਇਕੋ ਸਮੇਂ ਆਸਾਨੀ ਨਾਲ ਕੰਮ ਕਰ ਸਕਦੇ ਹਨ। |
| 6 | ਉਦਾਹਰਨਾਂ: MS Word, Excel, PowerPoint ਆਦਿ। | ਉਦਾਹਰਨਾਂ: Google Docs, Google Sheets, Google Slides ਆਦਿ। |

## ਪਾਠ– 2
## HTML ਭਾਗ – I

**ਪ੍ਰਸ਼ਨ:1 ਬਹੁ-ਪਸੰਦੀ ਪ੍ਰਸ਼ਨ:**

1. ________________ ਵੈਬਸਾਈਟਾਂ ਜਾਂ ਵੈਬ ਪੇਜਾਂ ਦਾ ਸੰਗ੍ਰਹਿ ਹੁੰਦਾ ਹੈ।
   ੳ. ਵਰਲਡ ਵਾਈਡ ਵੈਬ ਅ. ਵੈਬ ਸਾਈਟਸ ੲ. HTML ਸ. ਹਾਈਪਰ ਟੈਕਸਟ
2. ______________ ਉਹ ਟੈਕਸਟ ਹੁੰਦਾ ਹੈ ਜਿਸ ਵਿਚ ਦੂਜੇ ਵੈਬ-ਪੇਜਾਂ ਦੇ ਲਿੰਕ ਮੌਜੂਦ ਹੁੰਦੇ ਹਨ।
   ੳ. ਸਟੈਟਿਕ ਟੈਕਸਟ ਅ. ਹਾਈਪਰ ਟੈਕਸਟ ੲ. ਪਲੇਨ ਟੈਕਸਟ (Plain Text) ਸ. ਉਪਰੋਕਤ ਸਾਰੇ
3. HTML ਪ੍ਰੋਗਰਾਮ ਦੀ ਆਉਟਪੁੱਟ ਨੂੰ ਵੇਖਣ ਲਈ ਸਾਨੂੰ ਉਸ ਡਾਕੂਮੈਂਟ ਨੂੰ __________ ਵਿਚ ਓਪਨ ਕਰਨਾ ਪੈਂਦਾ ਹੈ।
   ੳ. ਟੈਕਸਟ ਐਡੀਟਰ ਅ. ਵਰਡ ਪ੍ਰੋਸੈਸਰ ੲ. ਫਾਈਲ ਐਕਸਪਲੋਰਰ ਸ. ਵੈਬ ਬ੍ਰਾਊਜ਼ਰ
4. __________ ਦੀ ਵਰਤੋਂ HTML ਟੈਗਜ਼ ਬਾਰੇ ਵਧੇਰੇ ਜਾਣਕਾਰੀ ਪ੍ਰਦਾਨ ਕਰਨ ਲਈ ਕੀਤੀ ਜਾਂਦੀ ਹੈ।
   ੳ. ਪੇਅਰਡ ਟੈਗਜ਼ ਅ. ਅਨਪੇਅਰਡ ਟੈਗਜ਼ ੲ. ਮੇਟਾ-ਡਾਟਾ ਸ. ਐਟਰੀਬਿਊਟਸ
5. ਵੈਬ ਪੇਜ ਵਿਚ _____ ਟੈਗ ਦੀ ਵਰਤੋਂ ਟੈਕਸਟ ਅਤੇ ਤਸਵੀਰਾਂ ਆਦਿ ਨੂੰ ਸਕ੍ਰੌਲ (scroll) ਕਰਨ ਲਈ ਕੀਤੀ ਜਾਂਦਾ ਹੈ।
   ੳ. <title> ਅ. <center> ੲ. <marquee> ਸ. <sup>

**ਪ੍ਰਸ਼ਨ:2 ਖਾਲੀ ਥਾਵਾਂ ਭਰੋ:**

1. ਪੇਅਰਡ ਟੈਗਜ਼ ਨੂੰ ____________ ਟੈਗਜ਼ ਵੀ ਕਿਹਾ ਜਾਂਦਾ ਹੈ।
2. _______ ਭਾਗ ਵਿੱਚ ਉਹ ਸਾਰੇ ਕੰਟੈਂਟਸ ਸ਼ਾਮਲ ਹੁੰਦੇ ਹਨ ਜੋ ਵੈੱਬਪੇਜ਼ ਉਪਰ ਯੂਜ਼ਰ ਨੂੰ ਪ੍ਰਦਰਸ਼ਿਤ ਕੀਤੇ ਜਾਂਦੇ ਹਨ।
3. <! DOCTYPE html> ਟੈਗ HTML ਦੇ _________ ਨੂੰ ਬਿਆਨ ਕਰਦਾ ਹੈ।
4. ___________ ਟੈਗ ਦੀ ਵਰਤੋਂ ਸਿੰਗਲ ਲਾਈਨ ਬ੍ਰੇਕ ਦਾਖਲ ਕਰਨ ਲਈ ਕੀਤੀ ਜਾਂਦੀ ਹੈ।
5. ___________ ਟੈਗ ਦੀ ਵਰਤੋਂ HTML ਡਾਕੂਮੈਂਟ ਵਿਚ ਸਬਸਕ੍ਰੀਪਟ (subscript) ਦਾਖਲ ਕਰਨ ਲਈ ਕੀਤੀ ਜਾਂਦੀ ਹੈ।
6. ___________ ਐਟਰੀਬਿਊਟ ਦੀ ਵਰਤੋਂ HTML ਡਾਕੂਮੈਂਟ ਦੀ ਬੈਕਗ੍ਰਾਊਂਡ ਉਪਰ ਤਸਵੀਰ ਸੈਟ ਕਰਨ ਲਈ ਕੀਤੀ ਜਾਂਦੀ ਹੈ।

ਉੱਤਰ: 1. ਕੰਟੇਨਰ ਟੈਗਜ਼ 2. ਬਾਡੀ 3. ਵਰਜ਼ਨ 5
4. <br> 5. <sub> 6. background

**ਪ੍ਰਸ਼ਨ:3 ਹੇਠਾਂ ਦਿਤੇ HTML ਟੈਗਜ਼ ਦੇ ਪੂਰੇ ਰੂਪ ਲਿਖੋ।**

1. <B> ਬੋਲਡ (Bold)
2. <I> ਇਟੈਲਿੱਕ (Italic)
3. <U> ਅੰਡਰਲਾਈਨ (Underline)
4. <S> ਸਟ੍ਰਾਈਕਥਰੋ (Strikethrough)
5. <P> ਪੈਰਾਗ੍ਰਾਫ (Paragraph)
6. <TT> ਟੈਲੀਟਾਈਪ ਟੈਕਸਟ (Teletype Text)
7. <HR> ਹਾਰੀਜੌਂਟਲ ਰੂਲਰ (Horizontal Ruler)
8. <BR> ਬ੍ਰੇਕ ਲਾਈਨ (Break Line)
9. <SUP> ਸੁਪਰਸਕ੍ਰੀਪਟ (Super Script)
10. <SUB> ਸਬਸਕ੍ਰੀਪਟ (Sub Script)

**ਪ੍ਰਸ਼ਨ:4 ਛੋਟੇ ਉੱਤਰਾਂ ਵਾਲੇ ਪ੍ਰਸ਼ਨ:**

**ਪ੍ਰਸ਼ਨ 1. HTML ਕੀ ਹੈ?**

ਉੱਤਰ: HTML ਦਾ ਪੂਰਾ ਨਾਂ ਹਾਈਪਰਟੈਕਸਟ ਮਾਰਕ-ਅੱਪ ਲੈਂਗੁਏਜ਼ ਹੈ। ਇਹ ਇੱਕ ਸਧਾਰਨ ਟੈਕਸਟ ਅਧਾਰਤ ਭਾਸ਼ਾ ਹੈ। ਇਸ ਦੀ ਵਰਤੋਂ ਵੈੱਬਪੇਜ ਬਣਾਉਣ ਲਈ ਕੀਤੀ ਜਾਂਦੀ ਹੈ। ਵੈਬਪੇਜਾਂ ਵਿੱਚ ਵਰਤੀਆਂ ਜਾਣ ਵਾਲੀਆਂ HTML ਕਮਾਂਡਾਂ ਨੂੰ ਟੈਗਜ਼ ਕਿਹਾ ਜਾਂਦਾ ਹੈ। HTML ਟੈਗਜ਼ ਲਈ ਐਂਗੁਲਰ ਬਰੈਕਟਾਂ (<>) ਦੀ ਵਰਤੋਂ ਕੀਤੀ ਜਾਂਦੀ ਹੈ। HTML ਵਿੱਚ ਦੋ ਤਰ੍ਹਾਂ ਦੇ ਟੈਗ ਵਰਤੇ ਜਾਂਦੇ ਹਨ:

- ਪੇਅਰਡ ਜਾਂ ਕੰਟੇਨਰ ਟੈਗ
- ਅਨਪੇਅਰਡ ਜਾਂ ਐਂਪਟੀ ਟੈਗ

**ਪ੍ਰਸ਼ਨ 2. HTML ਪ੍ਰੋਗਰਾਮਿੰਗ ਲਈ ਵਰਤੇ ਜਾਣ ਵਾਲੇ ਸਾਫਟਵੇਅਰਾਂ ਦੇ ਨਾਂ ਲਿਖੋ।**

ਉੱਤਰ: HTML ਪ੍ਰੋਗਰਾਮਿੰਗ ਲਈ ਹੇਠਾਂ ਦਿੱਤੇ ਸਾਫਟਵੇਅਰ ਵਰਤੇ ਜਾਂਦੇ ਹਨ:

- ਟੈਕਸਟ ਐਡੀਟਰ: ਨੋਟਪੈਡ, ਨੋਟਪੈਡ++, ਸਬਲਾਈਮ ਆਦਿ।
- ਵੈੱਬ ਬ੍ਰਾਊਜ਼ਰ: ਇੰਟਰਨੈੱਟ ਐਕਸਪਲੋਰਰ, ਗੂਗਲ ਕਰੋਮ, ਫਾਇਰਫਾਕਸ ਆਦਿ।

**ਪ੍ਰਸ਼ਨ 3. ਐਟਰੀਬਿਊਟਸ (attributes) ਕੀ ਹੁੰਦੇ ਹਨ?**

ਉੱਤਰ: ਐਟਰੀਬਿਊਟਸ HTML ਟੈਗਜ਼ ਦੀਆਂ ਵਿਸ਼ੇਸ਼ਤਾਵਾਂ ਹੁੰਦੀਆਂ ਹਨ। ਇਹਨਾਂ ਦੀ ਵਰਤੋਂ HTML ਟੈਗਜ਼ ਬਾਰੇ ਵਾਧੂ ਜਾਣਕਾਰੀ ਪ੍ਰਦਾਨ ਕਰਨ ਲਈ ਕੀਤੀ ਜਾਂਦੀ ਹੈ। ਇਹ ਐਟਰੀਬਿਊਟਸ ਹਮੇਸ਼ਾ ਟੈਗ ਦੇ ਓਪਨਿੰਗ ਟੈਗ ਵਿੱਚ ਲਿਖੇ ਜਾਂਦੇ ਹਨ। ਇਹਨਾਂ ਨੂੰ ਆਮ ਤੌਰ 'ਤੇ ਨਾਮ/ਮੁੱਲ (name="value") ਜੋੜਿਆਂ ਵਿੱਚ ਲਿਖਿਆ ਜਾਂਦਾ ਹੈ। ਐਟਰੀਬਿਊਟ ਦੇ ਮੁੱਲਾਂ ਨੂੰ ਹਮੇਸ਼ਾਂ ਡਬਲ ਕੁਟੇਸ਼ਨ ਚਿੰਨ੍ਹਾਂ ਵਿੱਚ ਲਿਖਿਆ ਜਾਣਾ ਚਾਹੀਦਾ ਹੈ।

ਉਦਾਹਰਨ: <Table border="1">

ਇੱਥੇ border ਟੇਬਲ ਟੈਗ ਦਾ ਐਟਰੀਬਿਊਟ ਹੈ ਅਤੇ "1" border ਐਟਰੀਬਿਊਟ ਦਾ ਮੁੱਲ ਹੈ।

**ਪ੍ਰਸ਼ਨ 4. HTML ਵਿਚ ਫਾਰਮੈਟਿੰਗ ਲਈ ਵਰਤੇ ਜਾਣ ਵਾਲੇ ਕੋਈ 5 ਟੈਗਜ਼ ਦੇ ਨਾਂ ਲਿਖੋ।**

ਉੱਤਰ: HTML ਵਿੱਚ ਫਾਰਮੈਟਿੰਗ ਲਈ ਵਰਤੇ ਜਾਣ ਵਾਲੇ ਮੁੱਖ ਟੈਗ ਹੇਠਾਂ ਦਿਤੇ ਗਏ ਹਨ:

- <B> ਟੈਗ ਟੈਕਸਟ ਨੂੰ ਬੋਲਡ ਕਰਨ ਲਈ
- <I> ਟੈਗ ਟੈਕਸਟ ਨੂੰ ਇਟੈਲਿੱਕ ਕਰਨ ਲਈ
- <U> ਟੈਗ ਟੈਕਸਟ ਨੂੰ ਅੰਡਰਲਾਈਨ ਕਰਨ ਲਈ
- <S> ਟੈਗ ਟੈਕਸਟ ਨੂੰ ਸਟ੍ਰਾਈਕਥਰੋ ਕਰਨ ਲਈ
- <SUP> ਟੈਗ ਟੈਕਸਟ ਨੂੰ ਸੁਪਰਸਕ੍ਰਿਪਟ ਵੱਜੋਂ ਸੈੱਟ ਕਰਨ ਲਈ

**ਪ੍ਰਸ਼ਨ 5. ਤੁਸੀਂ HTML ਡਾਕੂਮੈਂਟ ਵਿਚ ਟੈਕਸਟ ਅਤੇ ਤਸਵੀਰਾਂ ਨੂੰ ਕਿਵੇਂ ਸਕ੍ਰੋਲ (scroll) ਕਰ ਸਕਦੇ ਹੋ?**

ਉੱਤਰ: <Marquee> ਟੈਗ HTML ਦਾ ਇੱਕ ਮਹੱਤਵਪੂਰਨ ਟੈਗ ਹੈ। ਇਹ ਟੈਗ ਵੈੱਬ ਪੇਜ ਅੰਦਰ ਸਕ੍ਰੋਲਏਬਲ (scrollable) ਟੈਕਸਟ ਅਤੇ ਚਿੱਤਰ ਬਣਾਉਣ ਲਈ ਵਰਤਿਆ ਜਾਂਦਾ ਹੈ। ਇਹ ਜਾਂ ਤਾਂ ਲੇਟਵੇਂ ਰੂਪ ਵਿਚ - ਖੱਬੇ ਤੋਂ ਸੱਜੇ ਜਾਂ ਸੱਜੇ ਤੋਂ ਖੱਬੇ, ਜਾਂ ਖੜਵੇਂ ਰੂਪ ਵਿਚ - ਉੱਪਰ ਤੋਂ ਹੇਠਾਂ ਜਾਂ ਹੇਠਾਂ ਤੋਂ ਉੱਪਰ ਵੱਲ ਸਕ੍ਰੋਲ ਕਰਦਾ ਹੈ। ਉਦਾਹਰਨ ਲਈ: <marquee direction="right">Scrolling Text</marquee>

**ਪ੍ਰਸ਼ਨ:5 ਵੱਡੇ ਉੱਤਰਾਂ ਵਾਲੇ ਪ੍ਰਸ਼ਨ:**

**ਪ੍ਰਸ਼ਨ 1. ਟੈਗਜ਼ (Tags) ਕੀ ਹੁੰਦੇ ਹਨ? HTML ਵਿਚ ਵਰਤੇ ਜਾਣ ਵਾਲੇ ਟੈਗਜ਼ ਦੀਆਂ ਵੱਖ-ਵੱਖ ਕਿਸਮਾਂ ਦਾ ਵਰਨਣ ਕਰੋ।**

ਉੱਤਰ: ਵੈਬਪੇਜਾਂ ਵਿੱਚ ਵਰਤੀਆਂ ਜਾਣ ਵਾਲੀਆਂ HTML ਕਮਾਂਡਾਂ ਨੂੰ ਟੈਗਜ਼ ਕਿਹਾ ਜਾਂਦਾ ਹੈ। ਇਹ ਵਿਸ਼ੇਸ਼ ਦਿਸ਼ਾ-ਨਿਰਦੇਸ਼ ਹੁੰਦੇ ਹਨ ਜੋ ਵੈੱਬ ਬ੍ਰਾਊਜ਼ਰ ਨੂੰ ਵਿਸ਼ੇਸ਼ ਕੰਮ ਕਰਨ ਲਈ ਨਿਰਦੇਸ਼ਿਤ ਕਰਦੇ ਹਨ। HTML ਟੈਗਜ਼ ਲਈ ਐਂਗੁਲਰ ਬਰੈਕਟਾਂ (<>) ਦੀ ਵਰਤੋਂ ਕੀਤੀ ਜਾਂਦੀ ਹੈ। HTML ਵਿੱਚ ਦੋ ਤਰ੍ਹਾਂ ਦੇ ਟੈਗ ਵਰਤੇ ਜਾਂਦੇ ਹਨ:

1. ਪੇਅਰਡ ਟੈਗਜ਼: ਇਹਨਾਂ ਟੈਗਜ਼ ਨੂੰ ਕੰਟੇਨਰ ਜਾਂ ਕੰਪੇਨੀਅਨ ਟੈਗਸ ਵਜੋਂ ਵੀ ਜਾਣਿਆ ਜਾਂਦਾ ਹੈ। ਇਹਨਾਂ ਟੈਗਜ਼ ਨੂੰ ਦੋ ਵਾਰ ਲਿਖਿਆ ਜਾਂਦਾ ਹੈ: ਪਹਿਲਾ ਟੈਗ ਓਪਨਿੰਗ ਟੈਗ (<>) ਹੁੰਦਾ ਹੈ ਅਤੇ ਦੂਜੇ ਨੂੰ ਕਲੋਜ਼ਿੰਗ ਟੈਗ (</>) ਕਿਹਾ ਜਾਂਦਾ ਹੈ। ਉਦਾਹਰਨ ਲਈ:

   <b>HTML From HTML</b>

   ↑ ਓਪਨਿੰਗ ਟੈਗ ↑ ਕਲੋਜ਼ਿੰਗ ਟੈਗ

2. ਅਨਪੇਅਰਡ ਟੈਗਸ: ਇਹਨਾਂ ਟੈਗਜ਼ ਨੂੰ ਐਂਪਟੀ ਜਾਂ ਸਿੰਗੂਲਰ ਟੈਗਜ਼ ਵਜੋਂ ਵੀ ਜਾਣਿਆ ਜਾਂਦਾ ਹੈ। ਇਹਨਾਂ ਟੈਗਾਂ ਨੂੰ ਬੰਦ ਕਰਨ ਦੀ ਲੋੜ ਨਹੀਂ ਹੈ। ਉਦਾਹਰਨ ਲਈ: <br>, <hr> ਟੈਗ ਆਦਿ।

**ਪ੍ਰਸ਼ਨ 2. ਤੁਸੀਂ HTML ਡਾਕੂਮੈਂਟ ਵਿਚ ਫੌਂਟਸ (fonts) ਨਾਲ ਕਿਵੇਂ ਕੰਮ ਕਰੋਗੇ?**

ਉੱਤਰ: HTML ਡਾਕੂਮੈਂਟ ਵਿੱਚ ਫੌਂਟਸ ਨਾਲ ਕੰਮ ਕਰਨ ਲਈ ਅਸੀਂ <Font> ਟੈਗ ਦੀ ਵਰਤੋਂ ਕਰਦੇ ਹਾਂ। <Font> ਟੈਗ ਇੱਕ ਕੰਟੇਨਰ ਟੈਗ ਹੈ। ਇਹ <Font> ਟੈਗ ਨਾਲ ਸ਼ੁਰੂ ਹੁੰਦਾ ਹੈ ਅਤੇ </Font> ਟੈਗ ਨਾਲ ਬੰਦ ਕੀਤਾ ਜਾਂਦਾ ਹੈ। ਟੈਕਸਟ ਦੇ ਆਕਾਰ, ਰੰਗ ਅਤੇ ਫੌਂਟ ਨੂੰ ਬਦਲਣ ਲਈ ਅਸੀਂ ਇਸ ਟੈਗ ਦੇ ਐਟਰੀਬਿਊਟਸ ਦੀ ਵਰਤੋਂ ਕਰ ਸਕਦੇ ਹਾਂ। <font> ਟੈਗ ਦੇ ਇਹਨਾਂ ਐਟਰੀਬਿਊਟਸ ਦੀ ਜਾਣਕਾਰੀ ਹੇਠਾਂ ਦਿੱਤੀ ਗਈ ਹੈ:

- **Size**: ਇਹ ਐਟਰੀਬਿਊਟ ਫੌਂਟ ਦੇ ਆਕਾਰ ਨੂੰ ਬਦਲਣ ਲਈ ਵਰਤਿਆ ਜਾਂਦਾ ਹੈ।
- **Color**: ਇਹ ਐਟਰੀਬਿਊਟ ਟੈਕਸਟ ਦਾ ਰੰਗ ਬਦਲਣ ਲਈ ਵਰਤਿਆ ਜਾਂਦਾ ਹੈ।
- **Face**: ਇਹ ਐਟਰੀਬਿਊਟ ਟੈਕਸਟ ਦੇ ਫੌਂਟ ਨੂੰ ਬਦਲਣ ਲਈ ਵਰਤੀ ਜਾਂਦਾ ਹੈ।

ਉਦਾਹਰਨ ਲਈ: <Font face= "arial" size= "2" color= "red"> Hello </font>

**ਪ੍ਰਸ਼ਨ 3. HTML ਡਾਕੂਮੈਂਟ ਦੇ ਬਾਡੀ (body) ਭਾਗ ਦਾ ਵਰਨਣ ਕਰੋ? ਤੁਸੀਂ ਇਸਨੂੰ ਕਿਸ ਤਰ੍ਹਾਂ ਫਾਰਮੈਟ ਕਰੋਗੇ?**

ਉੱਤਰ: HTML ਡਾਕੂਮੈਂਟ ਇੱਕ ਵੈਬ ਪੇਜ ਨੂੰ ਦਰਸਾਉਂਦਾ ਹੈ। BODY ਭਾਗ ਵੈਬ ਪੇਜ ਦਾ ਇੱਕ ਮਹੱਤਵਪੂਰਨ ਹਿੱਸਾ ਹੈ। BODY ਭਾਗ ਨੂੰ <BODY> ਟੈਗ ਨਾਲ ਪਰਿਭਾਸ਼ਿਤ ਕੀਤਾ ਜਾਂਦਾ ਹੈ ਜੋ ਕਿ ਇੱਕ ਕੰਟੇਨਰ ਟੈਗ ਹੈ। ਇਹ <BODY> ਟੈਗ ਨਾਲ ਸ਼ੁਰੂ ਹੁੰਦਾ ਹੈ ਅਤੇ </BODY> ਟੈਗ ਨਾਲ ਬੰਦ ਕੀਤਾ ਜਾਂਦਾ ਹੈ। ਵੈਬ ਪੇਜ਼ ਉਪਰ ਦਿਖਾਈ ਦੇਣ ਵਾਲੇ ਸਾਰੇ ਕੰਟੈਂਟਸ, ਜਿਵੇਂ ਕਿ ਟੈਕਸਟ, ਤਸਵੀਰਾਂ, ਵੀਡੀਓ, ਟੇਬਲ, ਲਿਸਟਾਂ, ਫਾਰਮ ਆਦਿ ਨੂੰ ਇਸ ਟੈਗ ਦੇ ਅੰਦਰ ਹੀ ਪਰਿਭਾਸ਼ਿਤ ਕੀਤਾ ਜਾਂਦਾ ਹੈ। HTML ਡਾਕੂਮੈਂਟ ਦਾ BODY ਭਾਗ ਕਲੋਜ਼ਿੰਗ ਹੈੱਡ ਟੈਗ (</head>) ਤੋਂ ਤੁਰੰਤ ਬਾਅਦ ਸ਼ੁਰੂ ਹੋਣਾ ਚਾਹੀਦਾ ਹੈ। ਵੈੱਬ ਪੇਜ ਦੇ HEAD ਅਤੇ BODY ਭਾਗ ਨੂੰ <HTML> ਅਤੇ </HTML> ਟੈਗਜ਼ ਦੇ ਵਿਚਕਾਰ ਰੱਖਿਆ ਜਾਂਦਾ ਹੈ। HTML ਡਾਕੂਮੈਂਟ ਦੀ ਬਾਡੀ ਨੂੰ ਫਾਰਮੇਟ ਕਰਨ ਲਈ ਅਸੀਂ ਇਸਦੇ ਐਟਰੀਬਿਊਟਸ ਦੀ ਵਰਤੋਂ ਕਰ ਸਕਦੇ ਹਾਂ:

- **BGCOLOR:** ਇਸ ਐਟਰੀਬਿਊਟ ਦੀ ਵਰਤੋਂ ਬਾਡੀ ਭਾਗ ਦੀ ਬੈਕਗ੍ਰਾਊਂਡ ਦਾ ਰੰਗ ਸੈਟ ਕਰਨ ਲਈ ਕੀਤੀ ਕੀਤੀ ਜਾਂਦੀ ਹੈ।
- **BACKGROUND:** ਇਸ ਐਟਰੀਬਿਊਟ ਦੀ ਵਰਤੋਂ ਬਾਡੀ ਭਾਗ ਦੀ ਬੈਕਗ੍ਰਾਊਂਡ ਉਪਰ ਤਸਵੀਰ ਸੈਟ ਕਰਨ ਲਈ ਕੀਤੀ ਜਾਂਦੀ ਹੈ।
- **TEXT:** ਇਸ ਐਟਰੀਬਿਊਟ ਦੀ ਵਰਤੋਂ ਟੈਕਸਟ ਦਾ ਰੰਗ ਬਦਲਣ ਲਈ ਕੀਤੀ ਜਾਂਦੀ ਹੈ।

## ਪਾਠ – 3
## HTML (ਭਾਗ -II)

**ਪ੍ਰਸ਼ਨ:1 ਬਹੁਪਸੰਦ ਪ੍ਰਸ਼ਨ:**

1. ਹੇਠ ਲਿਖਿਆਂ ਵਿਚੋਂ ਕਿਹੜੀ ਲਿਸਟ ਦੀ ਵਰਤੋਂ HTML ਡਾਕੂਮੈਂਟਸ ਵਿਚ ਨਹੀਂ ਕੀਤੀ ਜਾਂਦੀ?
   ੳ. ਬੁਲੇਟਿਡ ਲਿਸਟ    ਅ. ਨੰਬਰਡ ਲਿਸਟ    ੲ. ਆਰਡਰਡ ਲਿਸਟ    **ਸ. ਡਾਟਾ ਲਿਸਟ**
2. ਆਰਡਰਡ ਅਤੇ ਅਨਆਰਡਰਡ ਲਿਸਟਾਂ ਵਿੱਚ ਲਿਸਟ-ਆਈਟਮਾਂ ਨੂੰ ਪਰਿਭਾਸ਼ਤ ਕਰਨ ਲਈ ਹੇਠ ਲਿਖਿਆਂ ਵਿੱਚੋਂ ਕਿਹੜਾ ਟੈਗ ਵਰਤਿਆ ਜਾਂਦਾ ਹੈ?
   ੳ. <OL>    ਅ. <UL>    **ੲ. <LI>**    ਸ. <DT>
3. __________ HTML ਡਾਕੂਮੈਂਟ ਵਿਚ ਟੇਬਲ ਰੋਅ ਬਨਾਉਣ ਲਈ ਕਿਹੜੇ ਟੈਗ ਦੀ ਵਰਤੋਂ ਕੀਤੀ ਜਾਂਦੀ ਹੈ।
   ੳ. <Row>    ਅ. <Table Row>    **ੲ. <TR>**    ਸ. <R>
4. _________ ਐਟਰੀਬਿਊਟ ਦੀ ਵਰਤੋਂ ਕਰਦੇ ਹੋਏ ਅਸੀਂ ਸੈੱਲਾਂ ਵਿਚਕਾਰ ਖਾਲੀ ਥਾਂ ਨੂੰ ਐਡਜਟ ਕਰ ਸਕਦੇ ਹਾਂ।
   **ੳ. cellspacing**    ਅ. cellpadding    ੲ. rowspan    ਸ. colspan
5. ਜੇਕਰ ਅਸੀਂ ਦੋ ਜਾਂ ਵਧੇਰੇ ਰੋਅਜ਼ ਦੇ ਸੈੱਲਾਂ ਨੂੰ ਇਕ ਸਿੰਗਲ ਸੈੱਲ ਵਿਚ ਮਰਜ ਕਰਨਾ ਚਾਹੁੰਦੇ ਹਾਂ ਤਾਂ ਅਸੀਂ __________ ਐਟਰੀਬਿਊਟ ਦੀ ਵਰਤੋਂ ਕਰਾਂਗੇ।
   ੳ. cellspacing    ਅ. cellpadding    **ੲ. rowspan**    ਸ. colspan

**ਪ੍ਰਸ਼ਨ:2 ਹੇਠਾਂ ਦਿਤੇ ਟੈਗਜ਼ ਦੇ ਪੂਰੇ ਰੂਪ ਲਿਖੋ।**

| | | |
|---|---|---|
| 1. | <OL> | ਆਰਡਰਡ ਲਿਸਟ (Ordered List) |
| 2. | <UL> | ਅਨਆਰਡਰਡ ਲਿਸਟ (Unordered List) |
| 3. | <DL> | ਡੈਫੀਨੇਸ਼ਨ ਲਿਸਟ (Definition List) |
| 4. | <LI> | ਲਿਸਟ ਆਈਟਮ (List Item) |
| 6. | <DT> | ਡੈਫੀਨੇਸ਼ਨ ਟਾਈਟਲ (Definition Title) |
| 7. | <DD> | ਡੈਫੀਨੇਸ਼ਨ ਡਾਟਾ (Definition Data) |
| 8. | <TR> | ਟੇਬਲ ਰੋਅ (Table Row) |
| 9. | <TH> | ਟੇਬਲ ਹੈਡਿੰਗ (Table Heading) |
| 10. | <TD> | ਟੇਬਲ ਡਾਟਾ (Table Data) |

**ਪ੍ਰਸ਼ਨ:3 ਖਾਲੀ ਥਾਵਾਂ ਭਰੋ।**

1. HTML ਡਾਕੂਮੈਂਟਸ ਵਿੱਚ ਅਸੀਂ ________ ਵੱਖ ਵੱਖ ਕਿਸਮਾਂ ਦੀਆਂ-ਲਿਸਟਾਂ ਬਣਾ ਸਕਦੇ ਹਾਂ।
2. __________ ਲਿਸਟਾਂ ਵਿੱਚ ਸਾਰੀਆਂ ਲਿਸਟ ਆਈਟਮਾਂ ਨੂੰ ਬੁਲੇਟਸ ਨਾਲ ਮਾਰਕ ਕੀਤਾ ਜਾਂਦਾ ਹੈ।
3. _________ ਲਿਸਟ ਇੱਕ ਲਿਸਟ ਦੇ ਅੰਦਰ ਇੱਕ ਹੋਰ ਲਿਸਟ ਹੁੰਦੀ ਹੈ।
4. ___________ ਟੈਗ ਦੀ ਵਰਤੋਂ ਟੇਬਲ ਹੈਡਿੰਗਜ਼ ਨੂੰ ਪਰਿਭਾਸ਼ਤ ਕਰਨ ਲਈ ਕੀਤੀ ਜਾਂਦੀ ਹੈ।
5. ਅਸੀਂ _________ ਐਟਰੀਬਿਊਟ ਦੀ ਵਰਤੋਂ ਕਰਕੇ ਸਿਰਫ ਸੈੱਲ-ਕੰਟੈਂਟਸ ਦੀ ਹੀ ਖੜਵੇਂ ਰੂਪ ਵਿਚ ਅਲਾਈਨਮੈਂਟ ਸੈੱਟ ਕਰ ਸਕਦੇ ਹਾਂ।
6. ____________ ਸੈੱਲ ਬਾਰਡਰ ਅਤੇ ਸੈੱਲ ਕੰਟੈਂਟਸ ਵਿਚਕਾਰ ਦੀ ਦੂਰੀ ਨੂੰ ਦਰਸਾਉਂਦਾ ਹੈ।


ਉੱਤਰ: 1. ਤਿੰਨ (3)    2. ਅਨਆਰਡਰਡ    3. ਨੈਸਟਿਡ
4. <TH>    5. valign    6. cellpadding

**ਪ੍ਰਸ਼ਨ:4 ਛੋਟੇ ਉੱਤਰਾਂ ਵਾਲੇ ਪ੍ਰਸ਼ਨ:**

**ਪ੍ਰਸ਼ਨ:1 ਡੈਫੀਨੇਸ਼ਨ ਲਿਸਟ (Definition List) ਕੀ ਹੁੰਦੀ ਹੈ?**

ਉੱਤਰ: ਡੈਫੀਨੇਸ਼ਨ ਲਿਸਟ ਨੂੰ ਡਿਸਕ੍ਰੀਪਸ਼ਨ ਲਿਸਟ ਵੀ ਕਿਹਾ ਜਾਂਦਾ ਹੈ। ਇਹ ਆਈਟਮਾਂ ਦੀ ਉਹ ਲਿਸਟ ਹੁੰਦੀ ਹੈ ਜਿਸ ਵਿਚ ਹਰੇਕ ਆਈਟਮ ਜਾਂ ਸ਼ਬਦ ਦਾ ਵਰਣਨ ਜਾਂ ਪਰਿਭਾਸ਼ਾ ਦਿਤੀ ਗਈ ਹੁੰਦੀ ਹੈ। ਇਸ ਲਿਸਟ ਵਿੱਚ ਆਈਟਮਾਂ ਨੂੰ ਡਿਕਸ਼ਨਰੀ ਵਾਂਗ ਸੂਚੀਬੱਧ ਕੀਤਾ ਗਿਆ ਹੁੰਦਾ ਹੈ। HTML ਵਿੱਚ ਡੈਫੀਨੇਸ਼ਨ ਲਿਸਟ ਬਨਾਉਣ ਲਈ <DL> ਟੈਗ ਦੀ ਵਰਤੋਂ ਕੀਤੀ ਜਾਂਦੀ ਹੈ। ਡੈਫੀਨੇਸ਼ਨ ਲਿਸਟ ਵਿੱਚ ਹਰੇਕ ਲਿਸਟ-ਆਈਟਮ ਵਿੱਚ ਦੋ ਐਂਟਰੀਆਂ ਹੁੰਦੀਆਂ ਹਨ:

- ਡੈਫੀਨੇਸ਼ਨ ਟਾਈਟਲ (ਡਾਟਾ ਟਰਮ): ਇਸ ਲਈ <DT> ਟੈਗ ਦੀ ਵਰਤੋਂ ਕੀਤੀ ਜਾਂਦੀ ਹੈ।
- ਡੈਫੀਨੇਸ਼ਨ ਡਿਸਕ੍ਰੀਪਸ਼ਨ (ਡਾਟਾ ਡੈਫੀਨੇਸ਼ਨ): ਇਸ ਲਈ <DD> ਟੈਗ ਦੀ ਵਰਤੋਂ ਕੀਤੀ ਜਾਂਦੀ ਹੈ।





**ਪ੍ਰਸ਼ਨ:2 ਆਰਡਰਡ ਲਿਸਟ ਕੀ ਹੁੰਦੀ ਹੈ? ਆਰਡਰਡ ਲਿਸਟ ਬਨਾਉਣ ਲਈ ਵਰਤੇ ਜਾਂਦੇ ਟੈਗਜ਼ ਅਤੇ ਐਟਰੀਬਿਊਟਸ ਦੇ ਨਾਂ ਲਿਖੋ।**

ਉੱਤਰ: ਆਰਡਰਡ-ਲਿਸਟ ਨੂੰ ਨੰਬਰਡ ਲਿਸਟ ਵੀ ਕਿਹਾ ਜਾਂਦਾ ਹੈ ਕਿਉਂਕਿ ਇਸ ਲਿਸਟ ਵਿਚ ਆਈਟਮਾਂ ਦੀ ਸੂਚੀ ਨੂੰ ਨੰਬਰਾਂ ਵਾਲੇ ਫਾਰਮੈਟ ਵਿੱਚ ਦਿਖਾਇਆ ਜਾਂਦਾ ਹੈ। ਇਹਨਾਂ ਲਿਸਟਾਂ ਦੀ ਵਰਤੋਂ ਉਸ ਸਮੇਂ ਕੀਤੀ ਜਾਂਦੀ ਹੈ ਜਦੋਂ ਲਿਸਟ ਵਿੱਚ ਆਈਟਮਾਂ ਦਾ ਕ੍ਰਮ ਮਹੱਤਵਪੂਰਨ ਹੋਵੇ।

**ਆਰਡਰਡ ਲਿਸਟ ਲਈ ਟੈਗ ਅਤੇ ਐਟਰੀਬਿਊਟਸ:**

- HTML ਵਿੱਚ ਆਰਡਰਡ ਲਿਸਟ ਬਣਾਉਣ ਲਈ <OL> ਟੈਗ ਦੀ ਵਰਤੋਂ ਕੀਤੀ ਜਾਂਦੀ ਹੈ। ਲਿਸਟ ਵਿੱਚ ਲਿਸਟ-ਆਈਟਮਾਂ ਨੂੰ ਦਰਸਾਉਣ ਲਈ <LI> ਟੈਗ ਦੀ ਵਰਤੋਂ ਕੀਤੀ ਜਾਂਦੀ ਹੈ।
- <OL> ਟੈਗ ਲਈ ਆਮ ਤੌਰ 'ਤੇ Type ਅਤੇ Start ਐਟਰੀਬਿਊਟਸ ਦੀ ਵਰਤੋਂ ਕੀਤੀ ਜਾਂਦੀ ਹੈ। Type ਐਟਰੀਬਿਊਟ ਦੀ ਵਰਤੋਂ ਨਾਲ ਲਿਸਟ ਲਈ ਨੰਬਰਿੰਗ ਦੀ ਕਿਸਮ ਸੈਟ ਕੀਤੀ ਜਾਂਦੀ ਹੈ, ਜਦੋਂ ਕਿ Start ਐਟਰੀਬਿਊਟ ਦੀ ਵਰਤੋਂ ਲਿਸਟ ਦੀ ਨੰਬਰਿੰਗ ਦੇ ਸ਼ੁਰੂਆਤੀ ਬਿੰਦੂ ਨੂੰ ਸੈਟ ਕਰਨ ਲਈ ਕੀਤੀ ਜਾਂਦੀ ਹੈ।

```
<h1>Software Examples</h1>
  <ol type="i" start="5">
    <li>MS Word</li>
    <li>MS Excel</li>
    <li>MS PowerPoint</li>
    <li>MS WIndow</li>
  </ol>
```




**ਪ੍ਰਸ਼ਨ:3 HTML ਵਿਚ ਟੇਬਲਜ਼ ਬਨਾਉਣ ਲਈ ਵਰਤੇ ਜਾਂਦੇ ਵੱਖ-ਵੱਖ ਮੁੱਢਲੇ ਟੈਗਜ਼ ਦੇ ਨਾਂ ਲਿਖੋ।**


ਉੱਤਰ: HTML ਵਿੱਚ ਟੇਬਲ ਬਣਾਉਣ ਲਈ ਹੇਠਾਂ ਦਿਤੇ ਮੁੱਢਲੇ ਟੈਗਜ਼ ਦੀ ਵਰਤੋਂ ਕੀਤੀ ਜਾਂਦੀ ਹੈ:

- <TABLE>
- <TR>
- <TH>
- <TD>

**ਪ੍ਰਸ਼ਨ:4 ਤੁਸੀਂ HTML ਟੇਬਲਜ਼ ਵਿਚ ਸੈੱਲਾਂ ਨੂੰ ਕਿਸ ਤਰ੍ਹਾਂ ਮਰਜ ਕਰੋਗੇ?**

ਉੱਤਰ: ਸੈੱਲਾਂ ਨੂੰ ਮਰਜ ਕਰਨ ਤੋ ਭਾਵ ਹੈ ਦੋ ਜਾਂ ਦੋ ਤੋਂ ਵੱਧ ਸੈੱਲਾਂ ਨੂੰ ਮਿਲਾ ਕੇ ਇੱਕ ਸੈੱਲ ਬਣਾਉਣਾ। HTML ਟੇਬਲ ਵਿੱਚ ਸੈੱਲਾਂ ਨੂੰ ਮਿਲਾਉਣ ਲਈ Colspan ਅਤੇ Rowspan ਐਟਰੀਬਿਊਟਸ ਦੀ ਵਰਤੋਂ ਕੀਤੀ ਜਾਂਦੀ ਹੈ। ਇਹਨਾਂ ਐਟਰੀਬਊਟਸ ਦੀ ਵਰਤੋਂ <TD> ਜਾਂ <TH> ਟੈਗਜ਼ ਵਿਚ ਕੀਤੀ ਜਾਂਦੀ ਹੈ:

- Colspan: ਇਹ ਦੋ ਜਾਂ ਦੋ ਤੋਂ ਵੱਧ ਕਾਲਮਾਂ ਦੇ ਸੈੱਲਾਂ ਨੂੰ ਮਰਜ ਕਰਨ ਲਈ ਵਰਤਿਆ ਜਾਂਦਾ ਹੈ। ਉਦਾਹਰਨ: <td colspan= "2">
- Rowspan: ਇਹ ਦੋ ਜਾਂ ਦੋ ਤੋਂ ਵੱਧ ਰੋਅਜ਼ ਦੇ ਸੈੱਲਾਂ ਨੂੰ ਮਰਜ ਕਰਨ ਲਈ ਵਰਤਿਆ ਜਾਂਦਾ ਹੈ। ਉਦਾਹਰਨ: <td rowspan= "2">




**ਪ੍ਰਸ਼ਨ:5 ਟੇਬਲ ਦੀ ਬੈਕਗ੍ਰਾਊਂਡ ਨੂੰ ਫਾਰਮੇਟ ਕਰਨ ਲਈ <table> ਟੈਗ ਵਿਚ ਵਰਤੇ ਜਾਣ ਵਾਲੇ ਵੱਖ-ਵੱਖ ਐਟਰੀਬਿਊਟਸ ਦਾ ਵਰਨਣ ਕਰੋ।**

ਉੱਤਰ: ਟੇਬਲ ਬੈਕਗ੍ਰਾਊਂਡ ਨੂੰ <TABLE> ਟੈਗ ਦੇ ਐਟਰੀਬਿਊਟਸ ਦੀ ਮਦਦ ਨਾਲ ਫਾਰਮੈਟ ਕੀਤਾ ਜਾ ਸਕਦਾ ਹੈ। ਅਸੀਂ ਹੇਠਾਂ ਦਿੱਤੇ ਐਟਰੀਬਿਊਟਸ ਦੀ ਵਰਤੋਂ ਕਰਕੇ ਟੇਬਲ ਦੀ ਬੈਕਗ੍ਰਾਊਂਡ ਨੂੰ ਫਾਰਮੇਟ ਕਰ ਸਕਦੇ ਹਾਂ:


- Bgcolor: ਇਹ ਐਟਰੀਬਿਊਟ ਟੇਬਲ ਦੀ ਬੈਕਗ੍ਰਾਊਂਡ ਦਾ ਰੰਗ ਬਦਲਣ ਲਈ ਵਰਤਿਆ ਜਾਂਦਾ ਹੈ।
  ਉਦਾਹਰਨ ਲਈ: <table bgcolor="pink">.......</table>
- Background: ਇਹ ਐਟਰੀਬਿਊਟ ਟੇਬਲ ਦੀ ਬੈਕਗ੍ਰਾਊਂਡ ਉਪਰ ਤਸਵੀਰ ਸੈੱਟ ਕਰਨ ਲਈ ਵਰਤਿਆ ਜਾਂਦਾ ਹੈ।
  ਉਦਾਹਰਨ ਲਈ: <table background= "back.jpg">.......</table>

## ਪ੍ਰਸ਼ਨ:5 ਵੱਡੇ ਉੱਤਰਾਂ ਵਾਲੇ ਪ੍ਰਸ਼ਨ

**ਪ੍ਰਸ਼ਨ:1 ਟੇਬਲਜ਼ (tables) ਕੀ ਹੁੰਦੇ ਹਨ? HTML ਡਾਕੂਮੈਂਟ ਵਿਚ ਟੇਬਲ ਬਨਾਉਣ ਲਈ ਵਰਤੇ ਜਾਣ ਵਾਲੇ ਮੁੱਢਲੇ ਟੈਗਜ਼ ਦਾ ਵਰਨਣ ਕਰੋ।**

ਉੱਤਰ: ਟੇਬਲ ਇੱਕ ਅਜਿਹੀ ਸਟਰਕਚਰ ਹੁੰਦੀ ਹੈ ਜਿਸ ਵਿੱਚ ਡਾਟਾ ਨੂੰ ਰੋਅਜ਼ ਅਤੇ ਕਾਲਮਾਂ ਵਿੱਚ ਵਿਵਸਥਿਤ ਕੀਤਾ ਜਾਂਦਾ ਹੈ। ਟੇਬਲਾਂ ਦੀ ਵਰਤੋਂ ਮੁੱਖ ਤੌਰ 'ਤੇ ਡਾਟਾ ਨੂੰ ਸਾਰਣੀਬੱਧ ਰੂਪ ਵਿੱਚ ਦਰਸਾਉਣ ਲਈ ਕੀਤੀ ਜਾਂਦੀ ਹੈ। ਟੇਬਲ ਵਿੱਚ ਦਿਖਾਈ ਗਈ ਜਾਣਕਾਰੀ ਆਸਾਨੀ ਨਾਲ ਪੜ੍ਹਨਯੋਗ ਅਤੇ ਸਮਝਣਯੋਗ ਹੁੰਦੀ ਹੈ। ਟੇਬਲ ਵਿਚ ਡਾਟਾ ਨੂੰ ਸੈੱਲਾਂ ਵਿੱਚ ਦਿਖਾਈਆ ਜਾਂਦਾ ਹੈ। HTML ਵਿੱਚ ਟੇਬਲ ਬਣਾਉਣ ਲਈ ਹੇਠਾਂ ਦਿੱਤੇ ਟੈਗ ਵਰਤੇ ਜਾਂਦੇ ਹਨ:


- **<TABLE> ਟੈਗ:** HTML ਵਿੱਚ ਇਸ ਟੈਗ ਦੀ ਵਰਤੋਂ ਟੇਬਲ ਨੂੰ ਪਰਿਭਾਸ਼ਿਤ ਕਰਨ ਲਈ ਕੀਤੀ ਜਾਂਦੀ ਹੈ।
- **<TR> ਟੈਗ:** TR ਦਾ ਅਰਥ ਹੈ ਟੇਬਲ ਰੋਅ। ਇਹ ਟੈਗ <TABLE> ਟੈਗ ਵਿੱਚ ਇੱਕ ਰੋਅ ਨੂੰ ਪਰਿਭਾਸ਼ਿਤ ਕਰਨ ਲਈ ਵਰਤਿਆ ਜਾਂਦਾ ਹੈ।
- **<TH> ਟੈਗ:** TH ਦਾ ਅਰਥ ਹੈ ਟੇਬਲ ਹੈਡਿੰਗ। ਇਹ ਟੈਗ ਟੇਬਲ ਦੇ ਕਾਲਮ ਹੈਡਿੰਗਜ਼ ਨੂੰ ਪਰਿਭਾਸ਼ਿਤ ਕਰਨ ਲਈ ਵਰਤਿਆ ਜਾਂਦਾ ਹੈ। ਆਮ ਤੌਰ 'ਤੇ, ਅਸੀਂ ਟੇਬਲ ਦੀ ਸਭ ਤੋਂ ਉਪਰਲੀ ਰੋਅ ਵਿਚ ਇਹਨਾਂ ਹੈਡਿੰਗਜ਼ ਨੂੰ ਪਰਭਿਾਸ਼ਿਤ ਕਰਦੇ ਹਾਂ।
- **<TD> ਟੈਗ:** TD ਦਾ ਅਰਥ ਹੈ ਟੇਬਲ ਡਾਟਾ। ਇਹ ਟੈਗ ਸੈੱਲ ਵਿਚਲੇ ਡਾਟਾ ਨੂੰ ਪਰਿਭਾਸ਼ਿਤ ਕਰਨ ਲਈ ਵਰਤਿਆ ਜਾਂਦਾ ਹੈ।




**ਪ੍ਰਸ਼ਨ:2 ਸੈੱਲ ਪੈਡਿੰਗ (Cell Padding) ਅਤੇ ਸੈੱਲ ਸਪੇਸਿੰਗ (Cell Spacing) ਕੀ ਹੁੰਦੀ ਹੈ? ਢੁਕਵੀਆਂ ਉਦਾਹਰਣਾਂ ਨਾਲ ਵਰਨਣ ਕਰੋ।**

ਉੱਤਰ: CellPadding ਅਤੇ CellSpacing ਇਹ ਦੋਵੇਂ <TABLE> ਟੈਗ ਦੇ ਐਟਰੀਬਿਊਟਸ ਹਨ। ਇਹਨਾਂ ਐਟਰੀਬਿਊਟਸ ਦੀ ਵਰਤੋਂ ਟੇਬਲ ਸੈੱਲਾਂ ਅੰਦਰ/ਵਿੱਚਕਾਰ ਖਾਲੀ ਥਾਂ ਸੈਟ ਕਰਨ ਲਈ ਕੀਤੀ ਜਾਂਦੀ ਹੈ।

- **CellPadding (ਸੈੱਲਪੈਡਿੰਗ):** ਇਹ ਐਟਰੀਬਿਊਟ ਸੈੱਲ ਦੇ ਅੰਦਰ ਖਾਲੀ ਥਾਂ ਨੂੰ ਦਰਸ਼ਾਉਂਦਾ ਹੈ। ਇਸ ਐਟਰੀਬਿਊਟ ਦੀ ਵਰਤੋਂ ਸੈੱਲ ਬਾਰਡਰ ਅਤੇ ਸੈੱਲ ਡਾਟਾ ਵਿਚਕਾਰ ਖਾਲੀ ਥਾਂ ਪਰਿਭਾਸ਼ਿਤ ਕਰਨ ਲਈ ਕੀਤੀ ਜਾਂਦੀ ਹੈ। ਡਿਫਾਲਟ ਸੈੱਲ ਪੈਡਿੰਗ 1 ਪਿਕਸਲ ਹੁੰਦੀ ਹੈ।
  ਉਦਾਹਰਨ ਲਈ: <Table CellPadding = "5">
- **CellSpacing (ਸੈੱਲ ਸਪੇਸਿੰਗ):** ਇਹ ਐਟਰੀਬਿਊਟ ਸੈੱਲ ਤੋਂ ਬਾਹਰ ਖਾਲੀ ਥਾਂ ਨੂੰ ਦਰਸ਼ਾਉਂਦਾ ਹੈ। ਇਸ ਐਟਰੀਬਿਊਟ ਦੀ ਵਰਤੋਂ ਟੇਬਲ ਸੈੱਲਾਂ ਦੇ ਵਿਚਕਾਰ ਖਾਲੀ ਥਾਂ ਪਰਿਭਾਸ਼ਿਤ ਕਰਨ ਲਈ ਕੀਤੀ ਜਾਂਦੀ ਹੈ। ਡਿਫਾਲਟ ਸੈੱਲਸਪੇਸਿੰਗ 2 ਪਿਕਸਲ ਹੁੰਦੀ ਹੈ।
  ਉਦਾਹਰਨ ਲਈ: <Table CellSpacing = "7">




**ਪ੍ਰਸ਼ਨ:3 ਆਰਡਰਡ ਲਿਸਟ ਅਤੇ ਅਨਆਰਡਰਡ ਲਿਸਟਾਂ ਵਿਚ ਅੰਤਰ ਲਿਖੋ।**

ਉੱਤਰ: ਆਰਡਰਡ ਅਤੇ ਅਨਆਰਡਰਡ ਲਿਸਟਾਂ ਵਿੱਚ ਅੰਤਰ ਹੇਠਾਂ ਦਿਤਾ ਗਿਆ ਹੈ:

| ਅਨਆਰਡਰਡ ਲਿਸਟ | ਆਰਡਰਡ ਲਿਸਟ |
|---|---|
| 1. ਇਸ ਲਿਸਟ ਨੂੰ ਬੁਲੇਟਿਡ ਲਿਸਟ ਵੀ ਕਿਹਾ ਜਾਂਦਾ ਹੈ। | 1. ਇਸ ਲਿਸਟ ਨੂੰ ਨੰਬਰਡ ਲਿਸਟ ਵੀ ਕਿਹਾ ਜਾਂਦਾ ਹੈ। |
| 2. ਇਹ ਇਕ ਅਜਿਹੀ ਲਿਸਟ ਹੁੰਦੀ ਹੈ ਜਿਸ ਵਿਚ ਲਿਸਟ ਆਈਟਮਾਂ ਦਾ ਕ੍ਰਮ ਮਹੱਤਵਪੂਰਨ ਨਹੀਂ ਹੁੰਦਾ। | 2. ਇਹ ਇਕ ਅਜਿਹੀ ਲਿਸਟ ਹੁੰਦੀ ਹੈ ਜਿਸ ਵਿਚ ਲਿਸਟ ਆਈਟਮਾਂ ਦਾ ਕ੍ਰਮ ਮਹੱਤਵਪੂਰਨ ਹੁੰਦਾ ਹੈ। |
| 3. ਇਸ ਵਿਚ ਲਿਸਟ-ਆਈਟਮਾਂ ਨੂੰ ਬੁਲੇਟਸ ਨਾਲ ਦਰਸ਼ਾਇਆ ਜਾਂਦਾ ਹੈ। | 3. ਇਸ ਵਿਚ ਲਿਸਟ ਆਈਟਮਾਂ ਨੂੰ ਨੰਬਰ ਫਾਰਮੇਟ ਵਿਚ ਦਰਸ਼ਾਇਆ ਜਾਂਦਾ ਹੈ। |
| 4. ਇਹਨਾਂ ਲਿਸਟਾਂ ਨੂੰ ਤਿਆਰ ਕਰਨ ਲਈ <UL> ਟੈਗ ਦੀ ਵਰਤੋਂ ਕੀਤੀ ਜਾਂਦੀ ਹੈ। | 4. ਇਹਨਾਂ ਲਿਸਟਾਂ ਨੂੰ ਤਿਆਰ ਕਰਨ ਲਈ < OL > ਟੈਗ ਦੀ ਵਰਤੋਂ ਕੀਤੀ ਜਾਂਦੀ ਹੈ। |
| 5. ਇਹਨਾਂ ਲਿਸਟਾਂ ਲਈ Type ਐਟਰੀਬਿਊਟ ਇਕ ਮਹੱਤਵਪੂਰਨ ਐਟਰੀਬਿਊਟ ਹੈ। | 5. ਇਹਨਾਂ ਲਿਸਟਾਂ ਲਈ Type ਅਤੇ Start ਐਟਰੀਬਿਊਟਸ ਮਹੱਤਵਪੂਰਨ ਐਟਰੀਬਿਊਟਸ ਹਨ। |

ਪਾਠ – 4

## HTML ਭਾਗ – III

### ਪ੍ਰਸ਼ਨ:1 ਬਹੁਪਸੰਦੀ ਪ੍ਰਸ਼ਨ:

1. ____________ ਕਿਸੇ ਵੀ ਸਰੋਤ/ਫਾਈਲ (resource/file) ਦੀ ਪੂਰੀ ਲੋਕੇਸ਼ਨ ਨੂੰ ਦਰਸ਼ਾਉਂਦਾ ਹੈ।
   ੳ. ਰੈਲੇਟਿਵ (Relative)   ਅ. ਸੰਪੂਰਨ (Absolute)   ੲ. ਅੰਦਰੂਨੀ (Internal)   ਸ. ਬਾਹਰੀ (External)
2. ਕਿਹੜਾ ਟੈਗ HTML ਡਾਕੂਮੈਂਟ ਵਿਚ ਤਸਵੀਰ (Image) ਦਾਖਲ ਕਰਨ ਲਈ ਵਰਤਿਆ ਜਾਂਦਾ ਹੈ?
   ੳ. <picture>   ਅ. <pic>   ੲ. <image>   ਸ. <img>
3. ਹੇਠ ਲਿਖੇ ਵਿੱਚੋਂ ਕਿਹੜਾ ਐਟਰੀਬਿਊਟ HTML ਦੇ ਐਂਕਰ ਟੈਗ ਦੁਆਰਾ ਨਹੀਂ ਵਰਤਿਆ ਜਾਂਦਾ?
   ੳ. href   ਅ. src   ੲ. target   ਸ. title
4. ਇੱਕ __________ ਲਿੰਕ ਮੂਲ ਰੂਪ ਵਿਚ ਅੰਡਰਲਾਈਨ ਅਤੇ ਜਾਮਨੀ (purple) ਰੰਗ ਵਿੱਚ ਦਿਖਾਇਆ ਜਾਂਦਾ ਹੈ।
   ੳ. ਅਨਵਿਜ਼ਿਟਡ ਲਿੰਕ   ਅ. ਵਿਜ਼ਿਟਡ ਲਿੰਕ   ੲ. ਐਕਟਿਵ ਲਿੰਕ (Active Link)   ਸ. ਕੋਈ ਨਹੀਂ
5. ਵੈਬ ਸਰਵਰ ਨੂੰ ਫਾਰਮ ਡੇਟਾ ਭੇਜਣ ਲਈ ਕਿਹੜੀ-HTTP ਵਿਧੀ ਵਰਤੀ ਜਾਂਦੀ ਹੈ?
   ੳ. GET ਅਤੇ SET   ਅ. GET ਅਤੇ POST   ੲ. POST ਅਤੇ SEND   ਸ. GET ਅਤੇ SEND
6. ਹੇਠ ਲਿਖਿਆਂ ਵਿੱਚੋਂ ਕਿਹੜਾ ਫਾਰਮ ਕੰਟਰੋਲ ਵੈਬ ਪੇਜ ਵਿੱਚ ਟੈਕਸਟ ਦੀਆਂ ਕਈ ਲਾਈਨਾਂ (multiple lines of text) ਨੂੰ ਸਵੀਕਾਰ ਕਰਨ ਲਈ ਵਰਤਿਆ ਜਾਂਦਾ ਹੈ?
   ੳ. ਟੈਕਸਟਬਾਕਸ   ਅ. ਡਰਾਪਡਾਊਨ ਬਾਕਸ   ੲ. ਪਾਸਵਰਡ ਫੀਲਡ   ਸ. ਟੈਕਸਟ-ਏਰੀਆ

### ਪ੍ਰਸ਼ਨ:2 ਖਾਲੀ ਥਾਵਾਂ ਭਰੋ:

1. ਸੰਬੰਧਤ ਪਾਥਸ (Relative Paths) ਵਿੱਚ ____ ਡੀਲਿਮਿਟਰ ਮੌਜੂਦਾ ਵਰਕਿੰਗ ਫਾਈਲ ਦੇ ਪੇਰੈਂਟ (parent) ਫੋਲਡਰ ਵੱਲ ਇਸ਼ਾਰਾ ਕਰਦਾ ਹੈ।
2. ਹਰੇਕ ਇਮੇਜ਼ ਟੈਗ ਵਿੱਚ ਇੱਕ ________ ਐਟਰੀਬਿਊਟ ਹੁੰਦਾ ਹੈ ਜੋ ਵੈਬ-ਬ੍ਰਾਊਜ਼ਰ ਨੂੰ ਇਹ ਦੱਸਦਾ ਹੈ ਕਿ ਉਹ ਤਸਵੀਰ ਜੋ ਅਸੀਂ ਵੈਬ ਪੇਜ਼ ਵਿਚ ਪ੍ਰਦਰਸ਼ਿਤ ਕਰਨਾ ਚਾਹੁੰਦੇ ਹਾਂ, ਨੂੰ ਕਿੱਥੋਂ ਲੱਭਣਾ ਹੈ।
3. ਨੇਮਡ ਐਂਕਰਜ਼ ਨੂੰ _______________ ਵੀ ਕਿਹਾ ਜਾਂਦਾ ਹੈ।
4. ਜੇਕਰ _______ HTTP ਵਿਧੀ ਨਾਲ ਫਾਰਮ ਸਬਮਿਟ ਕੀਤਾ ਜਾਂਦਾ ਹੈ ਤਾਂ ਵੈਬਪੇਜ਼ ਦੇ ਨਤੀਜੇ ਨੂੰ ਬੁੱਕਮਾਰਕ ਨਹੀਂ ਕੀਤਾ ਜਾ ਸਕਦਾ।
5. _______________ ਵੈਬਸਾਈਟ ਨੂੰ ਪੂਰਾ ਕਰਨ ਦੇ ਕਾਰਜਾਂ ਨੂੰ ਤਰਜੀਹ (prioritize) ਦੇਣ ਤੋਂ ਇਲਾਵਾ ਕੁਝ ਨਹੀਂ ਹੁੰਦੀ।

ਉੱਤਰ: 1. ./   2. SRC   3. ਬੁੱਕਮਾਰਕਸ   4. POST   5. ਯੋਜਨਾਬੰਦੀ

### ਪ੍ਰਸ਼ਨ:3 ਹੇਠ ਲਿਖਿਆਂ ਦੇ ਪੂਰੇ ਰੂਪ ਲਿਖੋ:

1. URL — ਯੂਨੀਫਾਰਮ ਰਿਸੋਰਸ ਲੋਕੇਟਰ (Uniform Resource Locator)
2. GIF — ਗ੍ਰਾਫਿਕਸ ਇੰਟਰਚੇਂਜ਼ ਫਾਰਮੇਟ (Graphics Interchange Format)
3. PNG — ਪੋਰਟੇਬਲ ਨੈਟਵਰਕ ਗ੍ਰਾਫਿਕਸ (Portable Network Graphics)
4. JPEG — ਜੁਆਇੰਟ ਫੋਟੋਗ੍ਰਾਫਿਕਸ ਐਕਸਪਰਟ ਗਰੁੱਪ (Joint Photographics Expert Group)
5. HREF — ਹਾਈਪਰਟੈਕਸਟ ਰੈਫਰੈਂਸ (HyperText Reference)
6. SRC — ਸੋਰਸ (Source)
7. <A> — ਐਂਕਰ ਟੈਗ (Anchor Tag)
8. <IMG> — ਇਮੇਜ਼ ਟੈਗ (Image Tag)

### ਪ੍ਰਸ਼ਨ:4 ਛੋਟੇ ਉੱਤਰਾਂ ਵਾਲੇ ਪ੍ਰਸ਼ਨ:

**ਪ੍ਰਸ਼ਨ:1 ਤੁਸੀਂ HTML ਡਾਕੂਮੈਂਟ ਵਿਚ ਇਕ ਤਸਵੀਰ ਕਿਸ ਤਰ੍ਹਾਂ ਦਾਖਲ ਕਰੋਗੇ?**


ਉੱਤਰ: HTML ਡਾਕੂਮੈਂਟ ਵਿੱਚ ਤਸਵੀਰ ਦਾਖਲ ਕਰਨ ਲਈ ਅਸੀਂ <IMG> ਟੈਗ ਦੀ ਵਰਤੋਂ ਕਰਦੇ ਹਾਂ। <IMG> ਟੈਗ ਇੱਕ ਐਂਪਟੀ ਟੈਗ ਹੈ, ਜਿਸਦਾ ਮਤਲਬ ਹੈ ਕਿ ਇਸ ਟੈਗ ਦਾ ਕੋਈ ਕਲੋਜ਼ਿੰਗ ਟੈਗ ਨਹੀਂ ਹੁੰਦਾ। ਵੈੱਬ ਪੇਜ਼ ਵਿਚ ਤਸਵੀਰ ਦਾਖਲ ਕਰਨ ਲਈ ਹੇਠਾਂ ਦਿਤੇ ਮੁਢਲੇ ਸਿੰਟੈਕਸ ਦੀ ਵਰਤੋਂ ਕੀਤੀ ਜਾ ਸਕਦੀ ਹੈ:

```
<IMG SRC="image_url">
```

ਇਸ ਵਿਚ SRC ਇਮੇਜ਼ ਟੈਗ ਦਾ ਇੱਕ ਜ਼ਰੂਰੀ ਐਟਰੀਬਿਊਟ ਹੈ, ਜਿਸ ਦਾ ਪੂਰਾ ਨਾਂ ਸੋਰਸ (SOURCE) ਹੈ। ਇਹ ਐਟਰੀਬਿਊਟ ਵੈਬ ਪੇਜ਼ ਵਿਚ ਦਿਖਾਈ ਜਾਣ ਵਾਲੀ ਤਸਵੀਰ ਦਾ URL ਸੈੱਟ ਕਰਨ ਲਈ ਵਰਤਿਆ ਜਾਂਦਾ ਹੈ।


**ਪ੍ਰਸ਼ਨ:2 ਹਾਈਪਰਲਿੰਕ (Hyperlink) ਕੀ ਹੁੰਦਾ ਹੈ?**

ਉੱਤਰ: HTML ਲਿੰਕਸ ਨੂੰ ਹਾਈਪਰਲਿੰਕਸ ਕਿਹਾ ਜਾਂਦਾ ਹੈ। ਇੱਕ ਵੈਬਪੇਜ ਵਿੱਚ ਵੱਖ-ਵੱਖ ਲਿੰਕ ਸ਼ਾਮਲ ਹੋ ਸਕਦੇ ਹਨ। ਇਹਨਾਂ ਲਿੰਕਸ ਉਪਰ ਕਲਿੱਕ ਕਰਕੇ ਯੂਜ਼ਰ ਇਕ ਵੈਬ ਪੇਜ਼/ਸਾਈਟ ਤੋਂ ਦੂਜੇ ਵੈਬ ਪੇਜ਼/ਸਾਈਟ ਉਪਰ ਜਾ ਸਕਦੇ ਹਨ। ਮੂਲ ਰੂਪ ਵਿੱਚ ਲਿੰਕਸ ਨੂੰ ਵੈੱਬ ਬ੍ਰਾਊਜ਼ਰ ਦੁਆਰਾ ਨੀਲੇ ਰੰਗ ਵਿੱਚ ਅੰਡਰਲਾਈਨ ਕਰਕੇ ਦਿਖਾਇਆ ਜਾਂਦਾ ਹੈ। HTML ਵਿੱਚ <A> ਟੈਗ ਦੀ ਵਰਤੋਂ ਕਰਕੇ ਇੱਕ ਲਿੰਕ ਬਣਾਇਆ ਜਾ ਸਕਦਾ ਹੈ। ਇਸ ਟੈਗ ਨੂੰ ਐਂਕਰ ਟੈਗ ਕਿਹਾ ਜਾਂਦਾ ਹੈ। ਇਸ ਟੈਗ ਵਿੱਚ HREF (ਹਾਈਪਰਟੈਕਸਟ ਰੈਫਰੈਂਸ) ਐਟਰੀਬਿਊਟ ਦੀ ਮਦਦ ਨਾਲ ਲਿੰਕ ਕੀਤੇ ਜਾਣ ਵਾਲੇ ਡਾਕੂਮੈਂਟ ਦਾ URL ਸੈੱਟ ਕੀਤਾ ਜਾਂਦਾ ਹੈ। ਐਂਕਰ ਟੈਗ ਦੀ ਵਰਤੋਂ ਨਾਲ ਹਾਈਪਰਲਿੰਕ ਬਣਾਉਣ ਲਈ ਹੇਠਾਂ ਦਿਤੇ ਮੁਢਲੇ ਸਿੰਟੈਕਸ ਦੀ ਵਰਤੋਂ ਕੀਤੀ ਜਾ ਸਕਦੀ ਹੈ:




```
<A HREF="Link_URL">Link Text or Imsge</A>
```

**ਪ੍ਰਸ਼ਨ:3 ਫਾਮਰਜ਼ (Forms) ਕੀ ਹੁੰਦੇ ਹਨ?**





**ਉੱਤਰ:** HTML ਫਾਰਮ ਯੂਜ਼ਰ ਅਤੇ ਵੈਬਸਾਈਟ ਵਿਚਕਾਰ ਅੰਤਰਕਿਰਿਆ (Interactivity) ਲਈ ਵਰਤੇ ਜਾਂਦੇ ਹਨ। ਇਹ ਫਾਰਮ ਆਮ ਵਰਤੇ ਜਾਣ ਵਾਲੇ ਫਾਰਮਾਂ ਵਰਗੇ ਹੀ ਹੁੰਦੇ ਹਨ। ਇਹਨਾਂ ਦੀ ਵਰਤੋਂ ਯੂਜ਼ਰ ਤੋਂ ਡੇਟਾ ਪ੍ਰਾਪਤ ਕਰਨ ਲਈ ਕੀਤੀ ਜਾਂਦੀ ਹੈ, ਜਿਵੇਂ ਕਿ - ਰਜਿਸਟ੍ਰੇਸ਼ਨ ਜਾਣਕਾਰੀ: ਨਾਮ, ਈਮੇਲ ਪਤਾ, ਕ੍ਰੈਡਿਟ ਕਾਰਡ, ਆਦਿ। ਇੱਕ ਫਾਰਮ ਯੂਜ਼ਰ ਤੋਂ ਇਨਪੁਟ ਪ੍ਰਾਪਤ ਕਰਦਾ ਹੈ। ਫਿਰ ਇਸ ਇਨਪੁੱਟ ਨੂੰ ਵੈਬ-ਸਰਵਰ 'ਤੇ ਪੋਸਟ/ਸਬਮਿੱਟ ਕੀਤਾ ਜਾਂਦਾ ਹੈ। ਵੈੱਬ-ਸਰਵਰ ਉਪਰ ਸਰਵਰ-ਸਾਈਡ ਪ੍ਰੋਗਰਾਮ (ASP ਜਾਂ PHP ਆਦਿ) ਫਾਰਮ ਵਿਚ ਭਰੇ ਡਾਟਾ ਉਪਰ ਕੰਮ ਕਰਦੇ ਹਨ ਅਤੇ ਉਸਨੂੰ ਡਾਟਾਬੇਸ ਵਿੱਚ ਸਟੋਰ ਕਰ ਦਿੰਦੇ ਹਨ।

**ਪ੍ਰਸ਼ਨ:4 ਵੈਬ-ਫਾਰਮਜ਼ ਵਿਚ ਵਰਤੇ ਜਾਣ ਵਾਲੇ ਵਖ-ਵੱਖ ਕੰਟਰੋਲ ਦੇ ਨਾਂ ਲਿਖੋ।**

**ਉੱਤਰ:** ਵੈਬ-ਫਾਰਮਜ਼ ਵਿਚ ਵਰਤੇ ਜਾਣ ਵਾਲੇ ਵਖ-ਵੱਖ ਕੰਟਰੋਲ ਦੇ ਨਾਂ ਹੇਠਾਂ ਦਿਤੇ ਗਏ ਹਨ:

- ਟੈਕਸਟਬਾਕਸ ਕੰਟਰੋਲ
- ਟੈਕਸਟਏਰੀਆ ਕੰਟਰੋਲ
- ਪਾਸਵਰਡ ਫੀਲਡ ਕੰਟਰੋਲ
- ਚੈੱਕਬਾਕਸ ਕੰਟਰੋਲ
- ਰੇਡੀਓ ਬਟਨ ਕੰਟਰੋਲ
- ਸਲੈਕਸ਼ਨ ਲਿਸਟ ਕੰਟਰੋਲ
- ਫਾਈਲ ਸਲੈਕਸ਼ਨ ਕੰਟਰੋਲ
- ਬਟਨ ਕੰਟਰੋਲ
- ਸਬਮਿੱਟ ਬਟਨ ਕੰਟਰੋਲ
- ਰੀਸੈੱਟ ਬਟਨ ਕੰਟਰੋਲ




**ਪ੍ਰਸ਼ਨ:5 HTML ਫਾਰਮਾਂ ਵਿੱਚ ਵਰਤੇ ਜਾਂਦੇ ਵੱਖ ਵੱਖ ਕਿਸਮਾਂ ਦੇ ਬਟਨ-ਕਿਹੜੇ ਹੁੰਦੇ ਹਨ?**

**ਉੱਤਰ:** HTML ਫਾਰਮਾਂ ਵਿੱਚ ਵਰਤੇ ਜਾਣ ਵਾਲੇ ਵੱਖ-ਵੱਖ ਕਿਸਮਾਂ ਦੇ ਬਟਨ ਹੇਠਾਂ ਦਿਤੇ ਗਏ ਹਨ:

- **ਸਬਮਿੱਟ (SUBMIT):** ਇਸ ਬਟਨ ਦੀ ਵਰਤੋਂ ਫਾਰਮ ਵਿਚ ਭਰਿਆ ਡਾਟਾ ਵੈਬ ਸਰਵਰ ਨੂੰ ਭੇਜਣ ਲਈ ਕੀਤੀ ਜਾਂਦੀ ਹੈ।
- **ਰੀਸੈਟ (RESET):** ਇਹ ਬਟਨ ਫਾਰਮ ਵਿਚ ਵਰਤੇ ਗਏ ਸਾਰੇ ਕੰਟਰੋਲਜ਼ ਨੂੰ ਉਹਨਾਂ ਦੇ ਸ਼ੁਰੂਆਤੀ ਮੁੱਲਾਂ ਅਨੁਸਾਰ ਰੀਸੈਟ ਕਰਨ ਲਈ ਵਰਤਿਆ ਜਾਂਦਾ ਹੈ।
- **ਬਟਨ (BUTTON):** ਇਹ ਬਟਨ ਕਲਾਇੰਟ-ਸਾਈਡ ਸਕ੍ਰਿਪਟਿੰਗ ਭਾਸ਼ਾ (ਜਾਵਾ ਸਕ੍ਰਿਪਟ) ਵਿੱਚ ਲਿਖੇ ਇੱਕ ਫੰਕਸ਼ਨ/ਕੋਡ ਨੂੰ ਕਾਲ ਕਰਨ ਲਈ ਵਰਤਿਆ ਜਾਂਦਾ ਹੈ।
- **ਇਮੇਜ਼ (IMAGE):** ਇਸਦੀ ਵਰਤੋਂ ਇਮੇਜ਼ ਬੈਕਗ੍ਰਾਊਂਡ ਵਾਲਾ ਬਟਨ ਬਣਾਉਣ ਲਈ ਕੀਤੀ ਜਾਂਦੀ ਹੈ।

**ਪ੍ਰਸ਼ਨ:5 ਵੱਡੇ ਉੱਤਰਾਂ ਵਾਲੇ ਪ੍ਰਸ਼ਨ:**

**ਪ੍ਰਸ਼ਨ:1 URL ਕੀ ਹੈ? URL ਦੀਆਂ ਵੱਖ-ਵੱਖ ਕਿਸਮਾਂ ਦਾ ਵਰਨਣ ਕਰੋ।**

**ਉੱਤਰ:** URL ਦਾ ਅਰਥ ਹੈ ਯੂਨੀਫਾਰਮ ਰਿਸੋਰਸ ਲੋਕੇਟਰ। ਵੈੱਬ ਸਰਵਰ ਉਪਰ ਕਿਸੇ ਫਾਈਲ ਜਾਂ ਫੋਲਡਰ ਦੀ ਲੋਕੇਸ਼ਨ ਨੂੰ ਦਰਸਾਉਂਦਾ ਹੋਇਆ ਐਡਰੈਸ URL ਅਖਵਾਉਂਦਾ ਹੈ। ਹਰੇਕ ਵੈੱਬਸਾਈਟ ਜਾਂ ਵੈੱਬਪੇਜ ਦਾ ਇੱਕ ਵਿਲੱਖਣ URL ਹੁੰਦਾ ਹੈ। ਉਦਾਹਰਨ ਲਈ: http://pseb.ac.in/ , ਇਹ ਪੰਜਾਬ ਸਕੂਲ ਸਿੱਖਿਆ ਬੋਰਡ ਦੀ ਵੈੱਬਸਾਈਟ ਦਾ URL ਹੈ।

**URL ਦੀਆਂ ਕਿਸਮਾਂ:** URL ਦੋ ਕਿਸਮ ਦੇ ਹੋ ਸਕਦੇ ਹਨ:

1. **ਐਬਸੋਲਿਊਟ (Absolute) URL:** ਐਬਸੋਲਿਊਟ URL ਕਿਸੇ ਫਾਈਲ/ਫੋਲਡਰ ਦੇ ਪੂਰੇ ਐਡਰੈਸ ਨੂੰ ਦਰਸਾਉਂਦਾ ਹੈ। ਉਦਾਹਰਨ ਲਈ: “D:\main\picture.jpg”
2. **ਰੈਲੇਟਿਵ (Relative) URL:** ਰੈਲੇਟਿਵ URL ਮੌਜੂਦਾ ਫਾਈਲ/ਫੋਲਡਰ ਦੀ ਲੋਕੇਸ਼ਨ ਅਨੁਸਾਰ ਕਿਸੇ ਹੋਰ ਫਾਈਲ/ਫੋਲਡਰ ਦੀ ਲੋਕੇਸ਼ਨ ਨੂੰ ਦਰਸਾਉਂਦਾ ਹੈ। ਇਸ URL ਵਿੱਚ ਆਮ ਤੌਰ 'ਤੇ ਸਿਰਫ ਫੋਲਡਰ ਦਾ ਨਾਮ ਅਤੇ ਫਾਈਲ ਨਾਮ, ਜਾਂ ਸਿਰਫ ਫਾਈਲ ਦਾ ਨਾਮ ਸ਼ਾਮਲ ਹੁੰਦਾ ਹੈ। ਉਦਾਹਰਨ ਲਈ: "picture.jpg"

**ਪ੍ਰਸ਼ਨ:2 ਵੈਬ-ਫਾਰਮਜ਼ ਵਿਚ ਵਰਤੇ ਜਾਣ ਵਾਲੇ ਵੱਖ-ਵੱਖ ਕਿਸਮਾਂ ਦੇ ਟੈਕਸਟ ਇਨਪੁੱਟ ਕੰਟਰੋਲਜ਼ ਦਾ ਵਰਨਣ ਕਰੋ।**

**ਉੱਤਰ:** ਵੈੱਬ ਫਾਰਮਾਂ ਵਿੱਚ ਵਰਤੇ ਜਾਣ ਵਾਲੇ ਵੱਖ-ਵੱਖ ਕਿਸਮਾਂ ਦੇ ਟੈਕਸਟ ਇਨਪੁੱਟ ਕੰਟਰੋਲਜ਼ ਦਾ ਵਰਨਣ ਹੇਠਾਂ ਕੀਤਾ ਗਿਆ ਹੈ:

- **ਟੈਕਸਟਬਾਕਸ ਕੰਟਰੋਲ:** ਇਹ ਕੰਟਰੋਲ ਯੂਜ਼ਰ ਤੋਂ ਇੱਕ ਸਿੰਗਲ ਲਾਈਨ ਵਿਚ ਟੈਕਸਟ ਇਨਪੁੱਟ ਕਰਵਾਉਣ ਲਈ ਵਰਤਿਆ ਜਾਂਦਾ ਹੈ। ਉਦਾਹਰਨ ਲਈ: ਯੂਜ਼ਰ ਦਾ ਨਾਮ, ਮੋਬਾਈਲ ਨੰਬਰ ਆਦਿ। ਟੈਕਸਟਬਾਕਸ ਕੰਟਰੋਲ ਬਨਾਉਣ ਲਈ ਮੁਢਲਾ ਸਿੰਟੈਕਸ ਹੈ: <input type="text">
- **ਪਾਸਵਰਡ ਫੀਲਡ ਕੰਟਰੋਲ:** ਇਹ ਵੀ ਇੱਕ ਸਿੰਗਲ-ਲਾਈਨ ਟੈਕਸਟ ਇੰਪੁੱਟ ਕੰਟਰੋਲ ਹੈ। ਇਸ ਕੰਟਰੋਲ ਦੀ ਵਰਤੋਂ ਪਾਸਵਰਡ ਆਦਿ ਸੁਰੱਖਿਅਤ ਜਾਣਕਾਰੀ ਨੂੰ ਇਨਪੁੱਟ ਕਰਵਾਉਣ ਲਈ ਕੀਤੀ ਜਾਂਦੀ ਹੈ। ਪਾਸਵਰਡ ਕੰਟਰੋਲ ਬਨਾਉਣ ਲਈ ਮੁਢਲਾ ਸਿੰਟੈਕਸ ਹੈ: <input type="password">
- **ਟੈਕਸਟ ਏਰੀਆ ਕੰਟਰੋਲ:** ਇਸ ਕੰਟਰੋਲ ਦੀ ਵਰਤੋਂ ਟੈਕਸਟ ਦੀਆਂ ਕਈ ਲਾਈਨਾਂ ਇਨਪੁੱਟ ਕਰਵਾਉਣ ਲਈ ਕੀਤੀ ਜਾਂਦੀ ਹੈ। ਉਦਾਹਰਨ ਲਈ: ਐਡਰੈਸ ਸੰਬੰਧੀ ਜਾਣਕਾਰੀ, ਕਮੈਂਟਸ, ਆਦਿ। ਟੈਕਸਟਏਰੀਆ ਕੰਟਰੋਲ ਦਾ ਸਿੰਟੈਕਸ ਹੈ: <textarea rows="5" cols="50"></textarea>

**ਪ੍ਰਸ਼ਨ:3 ਵੈਬ-ਡਿਵੈਲਪਮੈਂਟ ਦੇ ਵੱਖ-ਵੱਖ ਪੜਾਵ ਕਿਹੜੇ ਹੁੰਦੇ ਹਨ?**

**ਉੱਤਰ:** ਵੈੱਬ ਡਿਵੈਲਪਮੈਂਟ ਦਾ ਮਤਲਬ ਵੈੱਬਸਾਈਟਾਂ ਬਣਾਉਣਾ ਅਤੇ ਸਾਂਭਣਾ ਹੈ। ਵੈਬ ਪ੍ਰੋਜੈਕਟਾਂ ਨੂੰ ਬਨਾਉਣ ਲਈ ਹੇਠ ਲਿਖੇ ਪੜਾਵਾਂ ਦੀ ਵਰਤੋਂ ਕੀਤੀ ਜਾਣੀ ਚਾਹੀਦੀ ਹੈ:

- ਪੜਾਵ 1 - **ਜਾਣਕਾਰੀ ਇਕੱਠੀ ਕਰਨਾ:** ਇਸ ਵਿੱਚ ਗਾਹਕ ਦੀਆਂ ਜ਼ਰੂਰਤਾਂ ਨੂੰ ਸਮਝਣਾ, ਉਨ੍ਹਾਂ ਦੀਆਂ ਜ਼ਰੂਰਤਾਂ ਦੀ ਪਛਾਣ ਕਰਨਾ ਸ਼ਾਮਲ ਹੁੰਦਾ ਹੈ।
- ਪੜਾਵ 2 - **ਯੋਜਨਾਬੰਦੀ:** ਇਸ ਪੜਾਵ ਵਿਚ ਵੈੱਬਸਾਈਟ ਨੂੰ ਪੂਰਾ ਕਰਨ ਲਈ ਕਾਰਜਾਂ ਨੂੰ ਤਰਜੀਹ ਦੇਣ ਸੰਬੰਧੀ ਕੰਮ ਕੀਤੇ ਜਾਂਦੇ ਹਨ।

- ਪੜਾਵ 3 - ਡਿਜ਼ਾਈਨ ਅਤੇ ਲੇਆਉਟ: ਇਸ ਪੜਾਅ ਵਿੱਚ ਵੈਬਸਾਈਟ ਦੀ ਦਿੱਖ ਨਿਰਧਾਰਤ ਕੀਤੀ ਜਾਂਦੀ ਹੈ।
- ਪੜਾਵ 4 - ਡਿਵੈਲਪਮੈਂਟ: ਇਸ ਪੜਾਅ ਵਿੱਚ ਵੈੱਬ-ਡਿਵੈਲਪਰ ਪ੍ਰੋਗਰਾਮਿੰਗ-ਭਾਸ਼ਾਵਾਂ ਦੀ ਵਰਤੋਂ ਕਰਕੇ ਵੈੱਬਸਾਈਟਾਂ ਤਿਆਰ ਕਰਦੇ ਹਨ।
- ਪੜਾਵ 5 - ਟੈਸਟਿੰਗ ਅਤੇ ਲਾਂਚ: ਇਸ ਪੜਾਅ ਵਿੱਚ ਵੈੱਬਸਾਈਟ ਦੀ ਕਾਰਜਕੁਸ਼ਲਤਾ ਦੀ ਜਾਂਚ ਕੀਤੀ ਜਾਂਦੀ ਹੈ।
- ਪੜਾਵ 6 - ਰੱਖ-ਰਖਾਅ: ਇਹ ਪੜਾਅ ਵੈੱਬਸਾਈਟ ਦੀ ਸਮੱਗਰੀ ਅਤੇ ਡਿਜ਼ਾਈਨ ਨੂੰ ਅੱਪਡੇਟ ਕਰਨ ਨਾਲ ਸੰਬੰਧਿਤ ਹੈ।

## ਪਾਠ-5
## ਓਪਰੇਟਿੰਗ ਸਿਸਟਮ

**ਪ੍ਰਸ਼ਨ:1 ਬਹੁਪਸੰਦੀ ਪ੍ਰਸ਼ਨ**

1. ਓਪਰੇਟਿੰਗ ਸਿਸਟਮ ਇਕ ____________ ਹੈ।
   ੳ. ਟਰਮੀਨਲ   ਅ. ਸਿਸਟਮ ਸਾਫਟਵੇਅਰ   ੲ. ਐਪਲੀਕੇਸ਼ਨ ਸਾਫਟਵੇਅਰ   ਸ. ਪ੍ਰੋਸੈਸਰ
2. ___________ ਦਾ ਅਰਥ ਹੈ ਕਈ ਪ੍ਰੋਗਰਾਮਾਂ ਨੂੰ ਇੱਕੋ ਸਮੇਂ ਮੁੱਖ ਮੈਮੋਰੀ ਦੇ ਵੱਖ ਵੱਖ ਹਿੱਸਿਆਂ ਵਿਚ ਰੱਖਣਾ ਅਤੇ ਉਹਨਾਂ ਨੂੰ ਇਕ-ਇਕ ਕਰਕੇ ਚਲਾਉਣਾ।
   ੳ. ਮਲਟੀ-ਐਪਲੀਕੇਸ਼ਨ   ਅ. ਮਲਟੀ-ਪ੍ਰੋਸੈਸਿੰਗ   ੲ. ਮਲਟੀ-ਪ੍ਰੋਗਰਾਮਿੰਗ   ਸ. ਮਲਟੀ-ਟਾਈਮਿੰਗ
3. _______ ਦੇ ਯੂਜ਼ਰਜ਼ ਦਾ ਕੰਪਿਊਟਰ ਸਿਸਟਮ ਨਾਲ ਸਿੱਧਾ ਸੰਪਰਕ ਨਹੀਂ ਹੁੰਦਾ।
   ੳ. ਬੈਚ ਪ੍ਰੋਸੈਸਿੰਗ ਸਿਸਟਮ   ਅ. ਟਾਈਮ ਸ਼ੇਅਰਿੰਗ ਸਿਸਟਮ   ੲ. ਨੈਟਵਰਕ ਓਪਰੇਟਿੰਗ ਸਿਸਟਮ   ਸ. ਡਿਸਟ੍ਰੀਬਿਊਟਿਡ ਸਿਸਟਮ
4. _____________ ਇੰਟਰਨੈਟ ਅਤੇ ਸਾਡੇ ਲੋਕਲ ਏਰੀਆ ਨੈਟਵਰਕ ਦੇ ਵਿਚਕਾਰ ਇੱਕ ਸੁਰੱਖਿਆ ਗਾਰਡ ਵਜੋਂ ਕੰਮ ਕਰਦੀ ਹੈ।
   ੳ. ਓਪਰੇਟਿੰਗ ਸਿਸਟਮ   ਅ. ਪ੍ਰੋਸੈਸਰ   ੲ. ਫਾਇਰਵਾਲ (Firewall)   ਸ. ਸੁਰੱਖਿਆ ਖਤਰੇ
5. GUI ਦਾ ਪੂਰਾ ਨਾਂ _____________ ਹੈ।
   ੳ. ਗ੍ਰਾਫ ਯੂਜ਼ਰ ਇੰਟਰਫੇਸ   ਅ. ਗ੍ਰਾਫਿਕਸ ਯੂਜ਼ਰ ਇੰਟਰਫੇਸ   ੲ. ਗ੍ਰਾਫਿਕਲ ਯੂਜ਼ਰ ਇੰਟਰਫੇਸ   ਸ. ਕੋਈ ਨਹੀਂ

**ਪ੍ਰਸ਼ਨ:2 ਖਾਲੀ ਥਾਵਾਂ ਭਰੋ।**

1. ਟਾਈਮ ਸ਼ੇਅਰਿੰਗ ਓਪਰੇਟਿੰਗ ਸਿਸਟਮ ਵਿਚ ਹਰੇਕ ਯੂਜ਼ਰ ਨੂੰ ਦਿੱਤਾ ਗਿਆ ਦਾ ਥੋੜ੍ਹਾ ਜਿਹਾ ਸਮਾਂ ________ ਅਖਵਾਉਂਦਾ ਹੈ।
2. ___________ ਇਕ ਅਜਿਹੀ ਵਿਧੀ ਹੈ ਜੋ ਪ੍ਰੋਗਰਾਮਾਂ, ਪ੍ਰੋਸੈਸਾਂ, ਜਾਂ ਯੂਜ਼ਰਜ਼ ਦੁਆਰਾ ਕੰਪਿਊਟਰ ਸਿਸਟਮ ਦੇ ਸਰੋਤਾਂ ਤੱਕ ਅਸੈਸ ਨੂੰ ਕੰਟਰੋਲ ਕਰਦੀ ਹੈ।
3. ___________ ਇੱਕ ਅਜਿਹਾ ਪ੍ਰੋਗਰਾਮ ਹੈ ਜੋ ਯੂਜ਼ਰ ਅਤੇ ਕੰਪਿਊਟਰ ਹਾਰਡਵੇਅਰ ਵਿਚਕਾਰ ਇੱਕ ਇੰਟਰਫੇਸ ਦੇ ਤੌਰ ਤੇ ਕੰਮ ਕਰਦਾ ਹੈ।
4. ____________ ਆਪਣੇ ਆਪ ਨੂੰ ਦੁਹਰਾਉਂਦੇ (Replicate) ਹਨ ਅਤੇ ਸਾਡੇ PC ਦੀਆਂ ਫਾਈਲਾਂ ਅਤੇ ਪ੍ਰੋਗਰਾਮਾਂ ਨੂੰ ਸੰਕਰਮਿਤ (Infect) ਕਰਦੇ ਹਨ ਅਤੇ ਉਹਨਾਂ ਨੂੰ ਗੈਰ-ਕਾਰਜਸ਼ੀਲ (Non-Functional) ਬਣਾ ਸਕਦੇ ਹਨ।

ਉੱਤਰ: 1. ਟਾਈਮ ਸਲਾਈਸ   2. ਪ੍ਰੋਟੈਕਸ਼ਨ   3. ਓਪਰੇਟਿੰਗ ਸਿਸਟਮ   4. ਕੰਪਿਊਟਰ ਵਾਇਰਸ

**ਪ੍ਰਸ਼ਨ:3 ਸਹੀ ਜਾਂ ਗਲਤ ਲਿਖੋ।**

1. ਟਾਈਟਲੀ-ਕਪਲਡ ਸਿਸਟਮਾਂ ਵਿਚ ਇਕੋ ਪ੍ਰਾਇਮਰੀ ਮੈਮੋਰੀ ਹੁੰਦੀ ਹੈ, ਜੋ ਸਾਰੇ ਪ੍ਰੋਸੈਸਰਾਂ ਦੁਆਰਾ ਸ਼ੇਅਰ ਕੀਤੀ ਜਾਂਦੀ ਹੈ।
2. ਮਲਟੀ-ਯੂਜ਼ਰ ਓਪਰੇਟਿੰਗ ਸਿਸਟਮ ਇੱਕ ਅਜਿਹਾ ਸਿਸਟਮ ਹੁੰਦਾ ਹੈ ਜਿਸ ਵਿਚ ਇੱਕ ਸਮੇਂ ਸਿਰਫ ਇੱਕ ਹੀ ਯੂਜ਼ਰ ਕੰਪਿਊਟਰ ਸਿਸਟਮ ਨੂੰ ਅਸੈਸ ਕਰ ਸਕਦਾ ਹੈ।
3. Confidentiality (ਗੁਪਤਤਾ) ਇਹ ਸੁਨਿਸ਼ਚਿਤ ਕਰਦੀ ਹੈ ਕਿ ਐਕਸਚੇਂਜ ਕੀਤਾ ਗਿਆ ਡਾਟਾ ਅਣਅਧਿਕਾਰਤ (Unauthorized) ਯੂਜ਼ਰਜ਼ ਤੱਕ ਨਾ ਪਹੁੰਚੇ।
4. ਫਾਇਰਵਾਲ ਸਾਡੇ PC ਉਪਰ ਅਣਅਧਿਕਾਰਤ ਅਸੈਸ ਨੂੰ ਰੋਕ ਨਹੀਂ ਸਕਦੀ।
5. ਐਂਟੀ-ਮਾਲਵੇਅਰ ਕੰਪਿਊਟਰ ਪ੍ਰੋਗਰਾਮ ਹੁੰਦੇ ਹਨ ਜੋ ਮਾਲਵੇਅਰਜ਼ ਨੂੰ ਰੋਕਣ, ਲੱਭਣ ਅਤੇ ਖਤਮ ਕਰਨ ਲਈ ਵਰਤੇ ਜਾਂਦੇ ਹਨ।

ਉੱਤਰ: 1. ਸਹੀ   2. ਗਲਤ   3. ਸਹੀ   4.ਗਲਤ   5. ਸਹੀ

**ਪ੍ਰਸ਼ਨ:4 ਛੋਟੇ ਉਤਰਾਂ ਵਾਲੇ ਪ੍ਰਸ਼ਨ:**

**ਪ੍ਰਸ਼ਨ:1 ਓਪਰੇਟਿੰਗ ਸਿਸਟਮ ਕੀ ਹੁੰਦਾ ਹੈ?**

ਉੱਤਰ: ਓਪਰੇਟਿੰਗ ਸਿਸਟਮ ਇਕ ਸਿਸਟਮ ਸਾਫਟਵੇਅਰ ਹੈ। ਇਹ ਕੰਪਿਊਟਰ ਨੂੰ ਚਲਾਉਣ ਲਈ ਵਰਤਿਆ ਜਾਂਦਾ ਹੈ। ਇਹ ਇੱਕ ਅਜਿਹਾ ਵਾਤਾਵਰਣ ਪ੍ਰਦਾਨ ਕਰਦਾ ਹੈ ਜਿਸ ਵਿੱਚ ਯੂਜ਼ਰ ਕੰਪਿਊਟਰ ਸਿਸਟਮ ਦੀ ਕੁਸ਼ਲਤਾ ਨਾਲ ਵਰਤੋਂ ਕਰ ਸਕਦੇ ਹਨ। ਓਪਰੇਟਿੰਗ ਸਿਸਟਮ ਯੂਜ਼ਰ ਅਤੇ ਕੰਪਿਊਟਰ ਹਾਰਡਵੇਅਰ ਵਿਚਕਾਰ ਇੱਕ ਇੰਟਰਫੇਸ ਦੇ ਤੌਰ ਤੇ ਕੰਮ ਕਰਦਾ ਹੈ ਅਤੇ ਹਰ ਕਿਸਮ ਦੇ ਪ੍ਰੋਗਰਾਮਾਂ ਦੇ ਲਾਗੂਕਰਨ ਨੂੰ ਕੰਟਰੋਲ ਕਰਦਾ ਹੈ। ਓਪਰੇਟਿੰਗ ਸਿਸਟਮਾਂ ਦੀਆਂ ਉਦਾਹਰਨਾਂ ਹਨ: Windows, DOS, Unix, Linux, Mac OS ਆਦਿ।

**ਪ੍ਰਸ਼ਨ:2 ਓਪਰੇਟਿੰਗ ਸਿਸਟਮ ਦੀਆਂ ਕੁੱਝ ਮੁੱਖ ਕਿਸਮਾਂ ਦੇ ਨਾਂ ਲਿਖੋ।**

ਉੱਤਰ: ਓਪਰੇਟਿੰਗ ਸਿਸਟਮ ਦੀਆਂ ਕੁੱਝ ਮੁੱਖ ਕਿਸਮਾਂ ਦੇ ਨਾਂ ਹੇਠਾਂ ਦਿਤੇ ਗਏ ਹਨ:

- ਬੈਚ ਓਪਰੇਟਿੰਗ ਸਿਸਟਮ
- ਮਲਟੀ-ਪ੍ਰੋਗਰਾਮਿੰਗ ਓਪਰੇਟਿੰਗ ਸਿਸਟਮ
- ਟਾਈਮ-ਸ਼ੇਅਰਿੰਗ ਓਪਰੇਟਿੰਗ ਸਿਸਟਮ
- ਮਲਟੀ-ਪ੍ਰੋਸੈਸਿੰਗ ਓਪਰੇਟਿੰਗ ਸਿਸਟਮ
- ਨੈੱਟਵਰਕ ਓਪਰੇਟਿੰਗ ਸਿਸਟਮ
- ਰੀਅਲ ਟਾਈਮ ਓਪਰੇਟਿੰਗ ਸਿਸਟਮ

**ਪ੍ਰਸ਼ਨ:3 ਓਪਰੇਟਿੰਗ ਸਿਸਟਮ ਦੇ ਮੁੱਖ ਫੰਕਸ਼ਨਾਂ ਦੀ ਇਕ ਲਿਸਟ ਤਿਆਰ ਕਰੋ।**

ਉੱਤਰ: ਓਪਰੇਟਿੰਗ ਸਿਸਟਮ ਦੇ ਮੁੱਖ ਫੰਕਸ਼ਨਾਂ ਦੀ ਲਿਸਟ ਹੇਠਾਂ ਦਿਤੀ ਗਈ ਹੈ:

1. ਪ੍ਰੋਗਰਾਮਾਂ ਨੂੰ ਲਾਗੂ ਕਰਨਾ
2. ਇਨਪੁਟ ਆਉਟਪੁੱਟ ਓਪਰੇਸ਼ਨਜ਼ ਨੂੰ ਕੰਟਰੋਲ ਕਰਨਾ
3. ਫਾਈਲ ਸਿਸਟਮ ਸੰਬੰਧੀ ਕੰਮ ਕਰਨਾ
4. ਸੰਚਾਰ ਕਰਨਾ
5. ਗਲਤੀਆਂ ਲੱਭਣਾ
6. ਸਾਧਨਾਂ ਦਾ ਪ੍ਰਬੰਧਨ ਕਰਨਾ
7. ਸੁਰੱਖਿਆ ਪ੍ਰਦਾਨ ਕਰਨਾ

**ਪ੍ਰਸ਼ਨ:4 ਕੰਪਿਊਟਰ ਸੁਰੱਖਿਆ ਖਤਰੇ (Computer Security Threats) ਕੀ ਹੁੰਦੇ ਹਨ? ਉਹਨਾਂ ਦੇ ਨਾਂ ਲਿਖੋ।**

ਉੱਤਰ: ਕੰਪਿਊਟਰ ਸੁਰੱਖਿਆ ਖਤਰੇ ਸਾਡੇ ਕੰਪਿਊਟਰ ਸਿਸਟਮ ਉਪਰ ਕਿਸੇ ਵੀ ਸੰਭਾਵੀ ਖਤਰਨਾਕ ਹਮਲੇ ਨੂੰ ਦਰਸਾਉਂਦੇ ਹਨ। ਇਹ ਖਤਰੇ ਸਾਡੇ ਕੰਪਿਊਟਰ ਦੇ ਕੰਮਕਾਜ ਨੂੰ ਪ੍ਰਭਾਵਿਤ ਕਰ ਸਕਦੇ ਹਨ। ਕੰਪਿਊਟਰ ਸੁਰੱਖਿਆ ਖਤਰਿਆਂ ਦੀਆਂ ਸਭ ਤੋਂ ਨੁਕਸਾਨਦੇਹ ਕਿਸਮਾਂ ਹੇਠਾਂ ਦਿੱਤੀਆਂ ਗਈਆਂ ਹਨ:

- ਮਾਲਵੇਅਰ
- ਫਿਸ਼ਿੰਗ
- ਰੂਟਕਿਟ
- ਕੀਲੌਗਰ

**ਪ੍ਰਸ਼ਨ:5 ਫਾਇਰਵਾਲ (Firewall) ਕੀ ਹੈ?**

ਉੱਤਰ: ਇੱਕ ਫਾਇਰਵਾਲ ਸਾਡੀ ਜਾਣਕਾਰੀ ਨੂੰ ਵੱਖ-ਵੱਖ ਸੁਰੱਖਿਆ ਖਤਰਿਆਂ ਤੋਂ ਸੁਰੱਖਿਅਤ ਕਰਨ ਵਿੱਚ ਮਦਦ ਕਰਦਾ ਹੈ। ਇਹ ਇੰਟਰਨੈੱਟ ਅਤੇ ਸਾਡੇ ਲੋਕਲ ਏਰੀਆ ਨੈੱਟਵਰਕ ਵਿਚਕਾਰ ਸੁਰੱਖਿਆ ਗਾਰਡ ਵਜੋਂ ਕੰਮ ਕਰਦਾ ਹੈ। ਇਹ ਹੈਕਰਾਂ ਨੂੰ ਸਾਡੇ ਸਿਸਟਮ 'ਤੇ ਹਮਲਾ ਕਰਨ ਤੋਂ ਰੋਕਦਾ ਹੈ। ਫਾਇਰਵਾਲ ਸਾਡੇ ਕੰਪਿਊਟਰ ਤੱਕ ਅਣਅਧਿਕਾਰਤ ਪਹੁੰਚ ਨੂੰ ਰੋਕ ਕੇ ਸਾਡੇ ਡਾਟਾ ਦੀ ਸੁਰੱਖਿਆ ਕਰਦਾ ਹੈ।

## ਪ੍ਰਸ਼ਨ:5 ਵੱਡੇ ਉੱਤਰਾਂ ਵਾਲੇ ਪ੍ਰਸ਼ਨ:

**ਪ੍ਰਸ਼ਨ:1 ਓਪਰੇਟਿੰਗ ਸਿਸਟਮ ਦੇ ਵੱਖ-ਵੱਖ ਫੰਕਸ਼ਨਾਂ ਦਾ ਵਰਨਣ ਕਰੋ।**

ਉੱਤਰ: ਓਪਰੇਟਿੰਗ ਸਿਸਟਮ ਦੇ ਵੱਖ-ਵੱਖ ਫੰਕਸ਼ਨਾਂ ਦਾ ਵਰਨਣ ਇਸ ਪ੍ਰਕਾਰ ਹੈ:

1. **ਪ੍ਰੋਗਰਾਮਾਂ ਨੂੰ ਲਾਗੂ ਕਰਨਾ:** ਓਪਰੇਟਿੰਗ ਸਿਸਟਮ ਕੰਪਿਊਟਰ ਵਿਚ ਯੂਜ਼ਰ ਪ੍ਰੋਗਰਾਮਾਂ ਅਤੇ ਸਿਸਟਮ ਪ੍ਰੋਗਰਾਮਾਂ ਨੂੰ ਲਾਗੂ ਕਰਨ ਦਾ ਕੰਮ ਕਰਦਾ ਹੈ।
2. **ਇਨਪੁੱਟ ਆਉਟਪੁੱਟ ਆਪਰੇਸ਼ਨ:** ਓਪਰੇਟਿੰਗ ਸਿਸਟਮ ਕੰਪਿਊਟਰ ਵਿਚ ਇਨਪੁੱਟ ਅਤੇ ਆਊਟਪੁੱਟ ਨਾਲ ਸੰਬੰਧਤ ਆਪਰੇਸ਼ਨਾਂ ਨੂੰ ਕੰਟਰੋਲ ਕਰਨ ਦਾ ਕੰਮ ਕਰਦਾ ਹੈ।
3. **ਫਾਈਲ ਸਿਸਟਮ ਨਾਲ ਸੰਬੰਧਤ ਕੰਮ ਕਰਨਾ:** ਓਪਰੇਟਿੰਗ ਸਿਸਟਮ ਕੰਪਿਊਟਰ ਸਿਸਟਮ ਵਿਚ ਫਾਈਲਾਂ ਅਤੇ ਫੋਲਡਰਾਂ ਨੂੰ ਪ੍ਰਬੰਧਤ ਕਰਨ ਦਾ ਕੰਮ ਕਰਦਾ ਹੈ।
4. **ਸੰਚਾਰ:** ਓਪਰੇਟਿੰਗ ਸਿਸਟਮ ਕੰਪਿਊਟਰ ਸਿਸਟਮ ਵਿਚ ਵੱਖ-ਵੱਖ ਯੰਤਰਾਂ ਅਤੇ ਪ੍ਰੋਗਰਾਮਾਂ ਵਿਚਕਾਰ ਸੰਚਾਰ ਕਰਨ ਦਾ ਕੰਮ ਕਰਦਾ ਹੈ।
5. **ਗਲਤੀਆਂ ਲੱਭਣਾ:** ਓਪਰੇਟਿੰਗ ਸਿਸਟਮ ਕੰਪਿਊਟਰ ਸਿਸਟਮ ਵਿਚ ਵੱਖ-ਵੱਖ ਕਿਸਮਾਂ ਦੀਆਂ ਗਲਤੀਆਂ ਲੱਭ ਕੇ ਉਹਨਾਂ ਨੂੰ ਸਹੀ ਕਰਨ ਦਾ ਕੰਮ ਕਰਦਾ ਹੈ।
6. **ਸਾਧਨਾਂ ਦਾ ਪ੍ਰਬੰਧਨ ਕਰਨਾ:** ਕੰਪਿਊਟਰ ਸਿਸਟਮ ਦੇ ਵੱਖ-ਵੱਖ ਸਾਧਨਾਂ, ਜਿਵੇਂ ਕਿ: ਮੈਮਰੀ, CPU, ਸਟੋਰੇਜ਼ ਆਦਿ ਨੂੰ ਪ੍ਰਬੰਧਤ ਕਰਨ ਦਾ ਕੰਮ ਵੀ ਓਪਰੇਟਿੰਗ ਸਿਸਟਮ ਦੁਆਰਾ ਹੀ ਕੰਮ ਕੀਤਾ ਜਾਂਦਾ ਹੈ।
7. **ਸੁਰੱਖਿਆ ਪ੍ਰਦਾਨ ਕਰਨਾ:** ਓਪਰੇਟਿੰਗ ਸਿਸਟਮ ਯੂਜ਼ਰ ਡਾਟਾ ਅਤੇ ਪ੍ਰੋਗਰਾਮਾਂ ਨੂੰ ਸੁਰੱਖਿਆ ਪ੍ਰਦਾਨ ਕਰਨ ਲਈ ਵੱਖ-ਵੱਖ ਤਕਨੀਕਾਂ ਪ੍ਰਦਾਨ ਕਰਦਾ ਹੈ।


**ਪ੍ਰਸ਼ਨ:2 ਸਿੰਗਲ ਯੂਜ਼ਰ ਅਤੇ ਮਲਟੀ-ਯੂਜ਼ਰ ਓਪਰੇਟਿੰਗ ਸਿਸਟਮਾਂ ਵਿਚਕਾਰ ਅੰਤਰ ਲਿਖੋ।**

ਉੱਤਰ: ਸਿੰਗਲ ਯੂਜ਼ਰ ਅਤੇ ਮਲਟੀ-ਯੂਜ਼ਰ ਓਪਰੇਟਿੰਗ ਸਿਸਟਮ ਵਿਚਕਾਰ ਅੰਤਰ ਹੇਠਾਂ ਟੇਬਲ ਵਿਚ ਦਰਸਾਇਆ ਗਿਆ ਹੈ:

| ਸਿੰਗਲ-ਯੂਜ਼ਰ ਓਪਰੇਟਿੰਗ ਸਿਸਟਮ | ਮਲਟੀ-ਯੂਜ਼ਰ ਓਪਰੇਟਿੰਗ ਸਿਸਟਮ |
|---|---|
| 1. ਇਹਨਾਂ ਸਿਸਟਮਾਂ ਵਿੱਚ ਇੱਕੋ ਸਮੇਂ ਸਿਰਫ਼ ਇੱਕ ਯੂਜ਼ਰ ਹੀ ਕੰਪਿਊਟਰ ਦੀ ਵਰਤੋਂ ਕਰ ਸਕਦਾ ਹੈ। | 1. ਇਹਨਾਂ ਸਿਸਟਮਾਂ ਵਿੱਚ ਇੱਕੋ ਸਮੇਂ ਇੱਕ ਤੋਂ ਵੱਧ ਯੂਜ਼ਰ ਇੱਕ ਕੰਪਿਊਟਰ ਦੀ ਵਰਤੋਂ ਕਰ ਸਕਦੇ ਹਨ। |
| 2. ਸਾਰੇ ਸਰੋਤ ਸਿਸਟਮ ਦੇ ਇੱਕ ਸਿੰਗਲ ਯੂਜ਼ਰ ਨੂੰ ਕੰਮ ਕਰਨ ਲਈ ਦੇ ਦਿਤੇ ਜਾਂਦੇ ਹਨ। | 2. ਸਾਰੇ ਸਰੋਤ ਸਿਸਟਮ ਦੇ ਕਈ ਯੂਜ਼ਰਜ਼ ਵਿਚਕਾਰ ਕੰਮ ਕਰਨ ਲਈ ਵੰਡੇ ਜਾਂਦੇ ਹਨ। |
| 3. ਇਹਨਾਂ ਸਿਸਟਮਾਂ ਦੀ ਪ੍ਰੋਸੈਸਿੰਗ ਤੇਜ਼ ਹੁੰਦੀ ਹੈ। | 3. ਇਹਨਾਂ ਸਿਸਟਮਾਂ ਦੀ ਪ੍ਰੋਸੈਸਿੰਗ ਹੌਲੀ ਹੁੰਦੀ ਹੈ। |
| 4. ਇਹ ਸਿਸਟਮ ਸਾਧਾਰਨ ਅਤੇ ਡਿਜ਼ਾਈਨ ਕਰਨ ਵਿੱਚ ਆਸਾਨ ਹੁੰਦੇ ਹਨ। | 4. ਇਹ ਸਿਸਟਮ ਗੁੰਝਲਦਾਰ ਅਤੇ ਡਿਜ਼ਾਈਨ ਕਰਨ ਵਿੱਚ ਮੁਸ਼ਕਲ ਹੁੰਦੇ ਹਨ। |
| 5. ਸਿੰਗਲ ਯੂਜ਼ਰ ਓਪਰੇਟਿੰਗ ਸਿਸਟਮ ਦੀਆਂ ਕਿਸਮਾਂ ਹਨ:<br>• ਸਿੰਗਲ-ਯੂਜ਼ਰ ਸਿੰਗਲ-ਟਾਸਕ ਸਿਸਟਮ<br>• ਸਿੰਗਲ-ਯੂਜ਼ਰ ਮਲਟੀ-ਟਾਸਕ ਸਿਸਟਮ। | 5. ਮਲਟੀ-ਯੂਜ਼ਰ ਓਪਰੇਟਿੰਗ ਸਿਸਟਮ ਦੀਆਂ ਕਿਸਮਾਂ ਹਨ:<br>• ਟਾਈਮ-ਸ਼ੇਅਰਿੰਗ ਓਪਰੇਟਿੰਗ ਸਿਸਟਮ<br>• ਡਿਸਟ੍ਰੀਬਿਊਟਡ ਓਪਰੇਟਿੰਗ ਸਿਸਟਮ |
| 6. ਉਦਾਹਰਨਾਂ: MS DOS, Windows 95, Personal Computers, ਆਦਿ। | 6. ਉਦਾਹਰਨਾਂ: ਮੇਨਫ੍ਰੇਮ ਕੰਪਿਊਟਰ ਜਿਵੇਂ ਕਿ IBM AS400, Linux ਅਤੇ Unix Distributed OS, ਆਦਿ। |

**ਪ੍ਰਸ਼ਨ:3 ਟਾਈਮ-ਸ਼ੇਅਰਿੰਗ ਓਪਰੇਟਿੰਗ ਸਿਸਟਮ ਕੀ ਹੈ? ਇਸਦੇ ਫਾਇਦੇ ਅਤੇ ਨੁਕਸਾਨ ਲਿਖੋ।**

ਉੱਤਰ: ਟਾਈਮ ਸ਼ੇਅਰਿੰਗ ਸਿਸਟਮ ਇਕ ਅਜਿਹਾ ਸਿਸਟਮ ਹੈ ਜਿਸ ਵਿੱਚ ਬਹੁਤ ਸਾਰੇ ਟਰਮੀਨਲ/ਯੂਜ਼ਰ ਇੱਕੋ ਸਮੇਂ ਇੱਕ ਮੁੱਖ ਕੰਪਿਊਟਰ ਸਿਸਟਮ ਨਾਲ ਜੁੜੇ ਹੁੰਦੇ ਹਨ। ਹਰੇਕ ਯੂਜ਼ਰ ਦੇ ਪ੍ਰੋਗਰਾਮ ਨੂੰ ਸਰਕੂਲਰ ਤਰੀਕੇ ਨਾਲ CPU ਦਾ ਥੋੜ੍ਹਾ ਜਿਹਾ ਸਮਾਂ ਦਿੱਤਾ ਜਾਂਦਾ ਹੈ। ਹਰੇਕ ਯੂਜ਼ਰ ਨੂੰ ਦਿੱਤਾ ਗਿਆ ਇਹ ਛੋਟਾ ਜਿਹਾ CPU ਦਾ ਸਮਾਂ ਟਾਈਮ ਸਲਾਈਸ ਜਾਂ ਟਾਈਮ ਕੁਆਂਟਮ ਅਖਵਾਉਂਦਾ ਹੈ। ਇਸ ਸਿਸਟਮ ਵਿਚ ਇੱਕ ਯੂਜ਼ਰ ਤੋਂ ਅਗਲੇ ਯੂਜ਼ਰ ਤੱਕ ਬਹੁਤ ਤੇਜ਼ੀ ਨਾਲ ਸਵਿੱਚ ਕੀਤਾ ਜਾਂਦਾ ਹੈ।




**ਟਾਈਮ-ਸ਼ੇਅਰਿੰਗ ਸਿਸਟਮ ਦੇ ਫਾਇਦੇ:**


- CPU ਦਾ ਵਿਹਲੇ ਰਹਿਣ ਦਾ ਸਮਾਂ ਘਟਾਉਂਦਾ ਹੈ।
- ਕਾਗਜ਼ ਉਪਰ ਆਉਟਪੁੱਟ ਸੰਬੰਧੀ ਕੰਮ ਨੂੰ ਘਟਾਉਂਦਾ ਹੈ।
- ਸਾਫਟਵੇਅਰਾਂ ਦੀ ਡੁਪਲੀਕੇਸ਼ਨ ਤੋਂ ਬਚਾਉਂਦਾ ਹੈ।

**ਟਾਈਮ-ਸ਼ੇਅਰਿੰਗ ਸਿਸਟਮ ਦੇ ਨੁਕਸਾਨ:**

- ਯੂਜ਼ਰ ਪ੍ਰੋਗਰਾਮਾਂ ਲਈ ਵੱਡੀ ਮੁੱਖ ਮੈਮੋਰੀ ਦੀ ਲੋੜ ਪੈਂਦੀ ਹੈ।
- ਇਸ ਸਿਸਟਮ ਵਿਚ CPU ਸ਼ੈਡੀਊਲਿੰਗ ਤਕਨੀਕ ਦੀ ਲੋੜ ਪੈਂਦੀ ਹੈ।
- ਮੈਮੋਰੀ ਪ੍ਰਬੰਧਨ ਦੀ ਲੋੜ ਪੈਂਦੀ ਹੈ।

**ਪ੍ਰਸ਼ਨ:4 ਮਲਟੀ-ਪ੍ਰੋਸੈਸਿੰਗ ਓਪਰੇਟਿੰਗ ਸਿਸਟਮ ਕੀ ਹੈ? ਬਿਆਨ ਕਰੋ।**

ਉੱਤਰ: ਮਲਟੀਪ੍ਰੋਸੈਸਿੰਗ ਸਿਸਟਮ ਇਕ ਅਜਿਹਾ ਸਿਸਟਮ ਹੁੰਦਾ ਹੈ ਜਿਸ ਵਿਚ ਦੋ ਜਾਂ ਦੋ ਤੋਂ ਵੱਧ CPU ਆਪਸ ਵਿੱਚ ਜੁੜੇ ਹੁੰਦੇ ਹਨ। ਇਹ ਸਿਸਟਮ ਇੱਕੋ ਸਮੇਂ ਇਕ ਤੋਂ ਵੱਧ ਪ੍ਰੋਗਰਾਮਾਂ ਨੂੰ ਚਲਾਉਣ ਦੀ ਸਮਰੱਥਾ ਰੱਖਦੇ ਹਨ। ਇੱਕ ਆਮ ਮਲਟੀਪ੍ਰੋਸੈਸਿੰਗ ਸਿਸਟਮ ਦੀ ਬੁਨਿਆਦੀ ਬਣਤਰ ਹੇਠਾਂ ਦਿਖਾਈ ਗਈ ਹੈ:




ਮਲਟੀਪ੍ਰੋਸੈਸਿੰਗ ਸਿਸਟਮ ਦੋ ਕਿਸਮ ਦੇ ਹੁੰਦੇ ਹਨ:

- **ਟਾਈਟਲੀ ਕਪਲਡ (Tigtly Coupled) ਸਿਸਟਮ:** ਇਹਨਾਂ ਨੂੰ ਪੈਰਲਲ ਪ੍ਰੋਸੈਸਿੰਗ ਓਪਰੇਟਿੰਗ ਸਿਸਟਮ ਵੀ ਕਿਹਾ ਜਾਂਦਾ ਹੈ। ਇਹਨਾਂ ਸਿਸਟਮਾਂ ਵਿੱਚ ਇੱਕ ਸਿੰਗਲ ਪ੍ਰਾਇਮਰੀ-ਮੈਮੋਰੀ ਹੁੰਦੀ ਹੈ, ਜੋ ਸਾਰੇ ਪ੍ਰੋਸੈਸਰਾਂ ਦੁਆਰਾ ਸ਼ੇਅਰ ਕੀਤੀ ਜਾਂਦੀ ਹੈ।
- **ਲੂਜ਼ਲੀ ਕਪਲਡ (Loosely Coupled) ਸਿਸਟਮ:** ਇਹਨਾਂ ਸਿਸਟਮਾਂ ਨੂੰ ਡਿਸਟ੍ਰੀਬਿਊਟਡ ਓਪਰੇਟਿੰਗ ਸਿਸਟਮ ਵੀ ਕਿਹਾ ਜਾਂਦਾ ਹੈ। ਇਹਨਾਂ ਸਿਸਟਮਾਂ ਵਿੱਚ ਹਰੇਕ ਪ੍ਰੋਸੈਸਰ ਦੀ ਆਪਣੀ ਲੋਕਲ ਮੈਮੋਰੀ ਹੁੰਦੀ ਹੈ।

## ਪਾਠ 6
## ਡੈਸਕਟਾਪ ਪਬਲੀਸ਼ਿੰਗ

**ਪ੍ਰਸ਼ਨ:1 ਬਹੁ-ਪਸੰਦੀ ਪ੍ਰਸ਼ਨ**

1) **ਉਹ ਪ੍ਰੋਗਰਾਮਾਂ ਜਿਨ੍ਹਾਂ ਦੀ ਵਰਤੋਂ ਕਿਤਾਬਾਂ, ਰਸਾਲਿਆਂ, ਅਖ਼ਬਾਰਾਂ, ਫਲਾਇਰ, ਪੈਂਫਲੈਟਸ ਅਤੇ ਹੋਰ ਬਹੁਤ ਸਾਰੇ ਪ੍ਰਿੰਟਡ ਡਾਕੂਮੈਂਟਸ ਨੂੰ ਬਣਾਉਣ ਲਈ ਕੀਤੀ ਜਾ ਸਕਦੀ ਹੈ, ਉਨ੍ਹਾਂ ਨੂੰ ਕੀ ਕਿਹਾ ਜਾਂਦਾ ਹੈ?**
ੳ. ਡੈਸਕ ਪਬਲੀਸ਼ਿੰਗ ਅ. ਡੈਸਕਟਾਪ ਪਬਲੀਸ਼ਿੰਗ ੲ. ਟਾਪ ਪਬਲੀਸ਼ਿੰਗ ਸ. ਪਬਲੀਸ਼ਿੰਗ

2) **__________ ਇੱਕ ਅਜਿਹਾ ਸਿਸਟਮ ਹੈ ਜੋ ਸਾਨੂੰ ਇਹ ਦਰਸਾਉਂਦਾ ਹੈ ਕਿ ਜਦੋਂ ਅਸੀਂ ਕਿਸੇ ਡਾਕੂਮੈਂਟ ਨੂੰ ਪ੍ਰਿੰਟ ਕਰਾਂਗੇ ਤਾਂ ਇਹ ਕਿਹੋ ਜਿਹਾ ਦਿਖਾਈ ਦੇਵੇਗਾ।**
ੳ. WYSWJKI ਅ. WKSWUG ੲ. WUSIWUG ਸ. WYSIWYG

3) **_________ ਇੱਕ ਪੈਰੀਫਿਰਲ (Peripheral) ਮਸ਼ੀਨ ਹੈ ਜੋ ਕੰਪਿਊਟਰ ਤੋਂ ਡਾਟਾ ਪ੍ਰਾਪਤ ਕਰਦੀ ਹੈ ਅਤੇ ਗ੍ਰਾਫਿਕਸ ਜਾਂ ਟੈਕਸਟ ਦੇ ਰੂਪ ਵਿੱਚ ਇੱਕ ਪੇਪਰ ਤੇ ਆਉਟਪੁੱਟ ਤਿਆਰ ਕਰਦੀ ਹੈ।**
ੳ. ਫਰੇਮ (Frame) ਅ. ਪ੍ਰਿੰਟਰ (Printer) ੲ. ਫੌਂਟ (Font) ਸ. ਪਲੋਟਰ (Plotter)

4) **________ ਗ੍ਰਾਫਿਕਸ ਅਤੇ ਟੈਕਸਟ ਦਾਖਲ ਕਰਨ ਲਈ ਆਇਤਾਕਾਰ ਖੇਤਰ (Rectangular Areas) ਹੁੰਦੇ ਹਨ।**
ੳ. ਆਇਤ (Rectangle) ਅ. ਫਰੇਮ (Frame) ੲ. ਸਟਰਕਚਰ (Structure) ਸ. ਫੌਂਟ (Font)

5) **______ ਕਿਸੇ ਵਸਤੂ ਦੀ ਤਸਵੀਰ ਜਾਂ ਵਿਜ਼ੂਅਲ ਪ੍ਰਤੀਨਿਧਤਾ (Visual Representation) ਹੁੰਦੀ ਹੈ।**
ੳ. ਚਾਰਟ ਅ. ਗ੍ਰਾਫਿਕਸ ੲ. ਫਰੇਮ ਸ. ਫੌਂਟ

6) **ਇਹਨਾਂ ਵਿੱਚੋਂ ਕਿਹੜਾ ਡੈਸਟਾਪ ਪਬਲਿਸ਼ਿੰਗ ਸਾਫਟਵੇਅਰ ਦੀ ਉਦਾਹਰਣ ਨਹੀਂ ਹੈ?**
ੳ. ਕੋਰਲ ਡਰਾਅ ਅ. ਵਰਡ ਪ੍ਰੋਸੈਸਰ ੲ. GIMP ਸ. ਐਡੋਬ ਫੋਟੋਸ਼ਾਪ

**ਪ੍ਰਸ਼ਨ:2 ਖਾਲੀ ਥਾਵਾਂ ਭਰੋ:**

1) ਕੰਪਿਊਟਰ ਅਤੇ ਸਾਫਟਵੇਅਰਾਂ ਦੀ ਵਰਤੋਂ ਕਰਦੇ ਹੋਏ ਵਿਚਾਰਾਂ (ideas) ਅਤੇ ਜਾਣਕਾਰੀ (information) ਦੇ ਵਿਜ਼ੂਅਲ ਡਿਸਪਲੇ ਬਣਾਉਣਾ __________ਅਖਵਾਉਂਦਾ ਹੈ।
2) ___________ ਇੱਕ ਪੇਜ਼ ਦੀ ਮੁੱਖ ਸਮੱਗਰੀ (content) ਅਤੇ ਇਸਦੇ ਕਿਨਾਰਿਆਂ (edges) ਦੇ ਵਿਚਕਾਰ ਦੀ ਖਾਲੀ ਜਗ੍ਹਾ ਹੁੰਦੀ ਹੈ।
3) ______ ਟੈਕਸਟ ਦੀ ਗ੍ਰਾਫਿਕਲ ਪ੍ਰਤਿਨਿਧਤਾ (graphical representation) ਹੈ ਜਿਸ ਵਿੱਚ ਇੱਕ ਵੱਖਰਾ ਟਾਈਪਫੇਸ (typeface), ਪੁਆਇੰਟ-ਸਾਈਜ਼ (point size), ਭਾਰ (weight), ਰੰਗ ਜਾਂ ਡਿਜ਼ਾਈਨ ਸ਼ਾਮਲ ਹੋ ਸਕਦਾ ਹੈ।
4) ਗ੍ਰਾਫਿਕਸ ਸੌਫਟਵੇਅਰ ਵਿੱਚ _________ ਵੱਖੋ ਵੱਖਰੇ ਲੇਵਲ ਹੁੰਦੇ ਹਨ ਅਤੇ ਇਨ੍ਹਾਂ ਵਿਚ ਕੋਈ ਵਸਤੂ (object) ਜਾਂ ਇਮੇਜ਼ ਫਾਈਲ ਦਾਖਲ ਕੀਤੀ ਜਾ ਸਕਦੀ ਹੈ।
5) __________ ਉਹ ਪ੍ਰਿੰਟਰ ਹੁੰਦੇ ਹਨ ਜਿਨ੍ਹਾਂ ਵਿੱਚ ਪ੍ਰਿੰਟ-ਹੈਡ ਕਾਗਜ਼ ਉਪਰ ਸਟ੍ਰਾਈਕ ਕਰਕੇ (striking print-head) ਅੱਖਰਾਂ ਜਾਂ ਗ੍ਰਾਫਿਕਸ ਨੂੰ ਪ੍ਰਿੰਟ ਕਰਦੇ ਹਨ।

ਉੱਤਰ: 1. ਡੈਸਕਟਾਪ ਪਬਲੀਸ਼ਿੰਗ 2. ਮਾਰਜਨ 3. ਫੌਂਟ
4. ਲੇਅਰਜ਼ 5. ਇੰਪੈਕਟ ਪ੍ਰਿੰਟਰ

**ਪ੍ਰਸ਼ਨ:3 ਪੂਰੇ ਰੂਪ ਲਿਖੋ:**

1) **DTP** ਡੈਸਕਟਾਪ ਪਬਲੀਸ਼ਿੰਗ (Desktop Publishing)
2) **WYSIWYG** ਵੱਟ ਯੂ ਸੀਅ ਇਜ਼ ਵੱਟ ਯੂ ਗੈਟ (What You See is What You Get)
3) **3D** ਥ੍ਰੀ ਡਾਇਮੈਨਸ਼ਨਲ (Three Dimensional)
4) **GIMP** GNU ਇਮੇਜ਼ ਮੈਨੀਪੁਲੇਸ਼ਨ ਪ੍ਰੋਗਰਾਮ (GNU Image Manipulation Program)
5) **DMP** ਡਾਟ ਮੈਟ੍ਰਿਕਸ ਪ੍ਰਿੰਟਰ (Dot Matrix Printer)

### ਪ੍ਰਸ਼ਨ:4 ਛੋਟੇ ਉੱਤਰਾਂ ਵਾਲੇ ਪ੍ਰਸ਼ਨ

**ਪ੍ਰਸ਼ਨ:1 ਡੈਸਕਟਾਪ ਪਬਲੀਸ਼ਿੰਗ ਕੀ ਹੈ?**

ਉੱਤਰ: ਡੈਸਕਟਾਪ ਪਬਲੀਸ਼ਿੰਗ ਨੂੰ DTP ਨਾਮ ਨਾਲ ਵੀ ਜਾਣਿਆ ਜਾਂਦਾ ਹੈ। DTP ਇੱਕ ਅਜਿਹੀ ਐਪਲੀਕੇਸ਼ਨ ਹੈ ਜਿਸ ਰਾਹੀਂ ਅਸੀਂ ਕੰਪਿਊਟਰ ਦੀ ਮਦਦ ਨਾਲ ਵਿਜ਼ਿਟਿੰਗ ਕਾਰਡ, ਮੈਗਜ਼ੀਨ, ਕੈਲੰਡਰ, ਇਸ਼ਤਿਹਾਰ ਆਦਿ ਨੂੰ ਚੰਗੀ ਕੁਆਲਿਟੀ ਵਿੱਚ ਪ੍ਰਿੰਟ ਕਰ ਸਕਦੇ ਹਾਂ। ਇਹ ਕੰਮ ਪਬਲੀਸ਼ਿੰਗ ਅਤੇ ਪ੍ਰਿੰਟਿੰਗ ਨਾਲ ਸਬੰਧਤ ਹੈ। ਡੈਸਕਟਾਪ ਪਬਲੀਸ਼ਿੰਗ ਐਪਲੀਕੇਸ਼ਨ ਦੀ ਵਰਤੋਂ ਸੁੰਦਰ ਅਤੇ ਉੱਚ-ਗੁਣਵੱਤਾ ਵਾਲੇ ਦਸਤਾਵੇਜ਼ ਤਿਆਰ ਕਰਨ ਲਈ ਕੀਤੀ ਜਾਂਦੀ ਹੈ। ਇਸ ਵਿੱਚ ਪੇਜ ਲੇਆਉਟ ਬਣਾਉਣਾ ਆਸਾਨ ਹੁੰਦਾ ਹੈ। DTP ਸਾਫਟਵੇਅਰਾਂ ਵਿਚ ਹਰੇਕ ਆਬਜੈਕਟ (ਟੈਕਸਟ ਅਤੇ ਗ੍ਰਾਫਿਕਸ) ਨੂੰ ਅਲੱਗ-ਅਲੱਗ ਵੱਖਰੇ ਤੌਰ 'ਤੇ ਕੰਟਰੋਲ ਕੀਤਾ ਜਾ ਸਕਦਾ ਹੈ।

**ਪ੍ਰਸ਼ਨ:2 ਵੱਖ-ਵੱਖ ਕਿਸਮਾਂ ਦੇ ਪ੍ਰਿੰਟਰਾਂ ਦੇ ਨਾਂ ਲਿਖੋ।**

ਉੱਤਰ: ਪ੍ਰਿੰਟਰ ਇੱਕ ਹਾਰਡਕਾਪੀ ਆਉਟਪੁੱਟ ਯੰਤਰ ਹੈ। ਇਸਦੀ ਵਰਤੋਂ ਡਾਕੂਮੈਂਟਸ ਨੂੰ ਕਾਗਜ਼ ਉਪਰ ਪ੍ਰਿੰਟ ਕਰਨ ਲਈ ਕੀਤੀ ਜਾਂਦੀ ਹੈ। ਪ੍ਰਿੰਟ ਮੁੱਖ ਤੌਰ ਤੇ ਦੋ ਕਿਸਮਾਂ ਦੇ ਹੁੰਦੇ ਹਨ:

- ਇੰਪੈਕਟ ਪ੍ਰਿੰਟਰ: ਉਦਾਹਰਣ - ਡੇਜ਼ੀ ਵ੍ਹੀਲ ਪ੍ਰਿੰਟਰ, ਡਾਟ ਮੈਟਰਿਕਸ ਪ੍ਰਿੰਟਰ, ਲਾਈਨ ਪ੍ਰਿੰਟਰ
- ਨਾਨ- ਇੰਪੈਕਟ ਪ੍ਰਿੰਟਰ: ਉਦਾਹਰਣ - ਇੰਕਜੇਟ ਪ੍ਰਿੰਟਰ, ਲੇਜ਼ਰ ਪ੍ਰਿੰਟਰ




ਇਮਪੈਕਟ ਪ੍ਰਿੰਟਰ



ਨਾਨ-ਇਮਪੈਕਟ ਪ੍ਰਿੰਟਰ

**ਪ੍ਰਸ਼ਨ:3 ਮਾਰਜਿਨ (Margins) ਕੀ ਹੁੰਦੇ ਹਨ?**

ਉੱਤਰ: ਪੇਜ਼ ਦੀ ਮੁੱਖ ਸਮੱਗਰੀ ਅਤੇ ਇਸਦੇ ਕਿਨਾਰਿਆਂ ਵਿਚਕਾਰ ਖਾਲੀ ਖੇਤਰ ਨੂੰ ਮਾਰਜਿਨ ਕਿਹਾ ਜਾਂਦਾ ਹੈ। ਮਾਰਜਨ ਇਹ ਪਰਿਭਾਸ਼ਿਤ ਕਰਨ ਵਿਚ ਮਦਦ ਕਰਦਾ ਹੈ ਕਿ ਟੈਕਸਟ ਦੀ ਇੱਕ ਲਾਈਨ ਕਿੱਥੇ ਸ਼ੁਰੂ ਹੁੰਦੀ ਹੈ ਅਤੇ ਕਿੱਥੇ ਖਤਮ ਹੁੰਦੀ ਹੈ। ਅਸੀਂ ਇੱਕ ਪੇਜ਼ ਦੀਆਂ ਚਾਰੇ ਦਿਸ਼ਾਵਾਂ – ਟਾਪ, ਬਾਟਮ, ਖੱਬੇ ਅਤੇ ਸੱਜੇ ਵਿੱਚ ਮਾਰਜਿਨ ਸੈੱਟ ਕਰ ਸਕਦੇ ਹਾਂ। ਆਮ ਤੌਰ 'ਤੇ ਮਾਰਜਿਨ ਦਾ ਆਕਾਰ ਇਕ ਇੰਚ 'ਤੇ ਸੈੱਟ ਕੀਤਾ ਜਾਂਦਾ ਹੈ। ਅਸੀਂ ਆਪਣੀ ਜਰੂਰਤ ਅਨੁਸਾਰ ਮਾਰਜਿਨ ਦਾ ਆਕਾਰ ਘਟਾਅ ਜਾਂ ਵਧਾਅ ਵੀ ਸਕਦੇ ਹਾਂ।




**ਪ੍ਰਸ਼ਨ:4 ਗ੍ਰਾਫਿਕਸ (Graphics) ਨੂੰ ਪਰਿਭਾਸ਼ਿਤ ਕਰੋ?**

ਉੱਤਰ: ਗ੍ਰਾਫਿਕ ਇੱਕ ਤਸਵੀਰ ਦੀ ਵਿਜ਼ੂਅਲ ਪੇਸ਼ਕਾਰੀ ਹੁੰਦੀ ਹੈ। ਸਾਧਾਰਣ ਰੂਪ ਵਿਚ ਕੰਪਿਊਟਰ ਗਰਾਫਿਕਸ ਕੰਪਿਊਟਰ ਸਕਰੀਨ ਉੱਤੇ ਨਜ਼ਰ ਆਉਣ ਵਾਲੀਆਂ ਤਸਵੀਰਾਂ ਹੁੰਦੀਆਂ ਹਨ। ਪੁਰਾਣੇ ਗ੍ਰਾਫਿਕਸ ਸਿਰਫ ਕੁਝ ਰੰਗਾਂ ਵਿੱਚ ਗ੍ਰਾਫਿਕਸ ਨੂੰ ਦਰਸਾਉਂਦੇ ਸਨ ਜਦੋਂ ਕਿ ਆਧੁਨਿਕ ਕੰਪਿਊਟਰ ਲੱਖਾਂ ਰੰਗਾਂ ਵਿੱਚ ਗ੍ਰਾਫਿਕਸ ਨੂੰ ਦਰਸਾ ਸਕਦੇ ਹਨ। ਕੰਪਿਊਟਰ ਗ੍ਰਾਫਿਕਸ ਦੋ-ਅਯਾਮੀ (2–Dimensional) ਜਾਂ ਤਿੰਨ-ਅਯਾਮੀ (3–Dimensional) ਹੋ ਸਕਦੇ ਹਨ।

**ਪ੍ਰਸ਼ਨ:5 "WYSIWYG" ਤੋਂ ਤੁਹਾਡਾ ਕੀ ਭਾਵ ਹੈ?**


ਉੱਤਰ: WYSIWYG ਨੂੰ "ਵਿਜ਼-ਈ-ਵਿਗ" ਉਚਾਰਿਆ ਜਾਂਦਾ ਹੈ। WYSIWYG ਦਾ ਪੂਰਾ ਨਾਂ "What You See Is What You Get" ਹੈ, ਜਿਸ ਦਾ ਅਰਥ ਹੈ "ਜੋ ਤੁਸੀਂ ਦੇਖਦੇ ਹੋ ਉਹੀ ਤੁਸੀਂ ਪ੍ਰਾਪਤ ਕਰਦੇ ਹੋ", ਭਾਵ ਜਿਸ ਤਰ੍ਹਾਂ ਤੁਸੀਂ ਆਪਣੇ ਦਸਤਾਵੇਜ਼ ਨੂੰ ਕੰਪਿਊਟਰ ਸਕ੍ਰੀਨ ਤੇ ਦੇਖੋਗੇ, ਉਸੇ ਤਰ੍ਹਾਂ ਹੀ ਤੁਸੀਂ ਉਸਨੂੰ ਪ੍ਰਿੰਟ ਰੂਪ ਵਿਚ ਪ੍ਰਾਪਤ ਕਰੋਗੇ। ਅਸੀਂ DTP ਸਾਫਟਵੇਅਰ ਦੀ ਮਦਦ ਨਾਲ ਅਜਿਹੇ ਦਸਤਾਵੇਜ਼ ਤਿਆਰ ਕਰ ਸਕਦੇ ਹਾਂ ਜੋ WYSIWYG ਦੇ ਬਹੁਤ ਨੇੜੇ ਦਿਖਾਈ ਦਿੰਦੇ ਹਨ। ਕੰਪਿਊਟਰਾਂ ਵਿੱਚ 'ਪ੍ਰਿੰਟ ਪ੍ਰੀਵਿਊ' ਵਿਸ਼ੇਸ਼ਤਾ ਇੱਕ WYSIWYG ਐਪਲੀਕੇਸ਼ਨ ਹੈ।

### ਪ੍ਰਸ਼ਨ:5 ਵੱਡੇ ਉੱਤਰਾਂ ਵਾਲੇ ਪ੍ਰਸ਼ਨ

**ਪ੍ਰਸ਼ਨ:1 ਵੈਕਟਰ ਗ੍ਰਾਫਿਕਸ ਅਤੇ ਬਿੱਟਮੈਪ ਗ੍ਰਾਫਿਕਸ ਨੂੰ ਬਿਆਨ ਕਰੋ।**

ਉੱਤਰ: ਵੈਕਟਰ ਗ੍ਰਾਫਿਕਸ ਅਤੇ ਬਿਟਮੈਪ ਗ੍ਰਾਫਿਕਸ ਵਿੱਚ ਅੰਤਰ ਹੇਠਾਂ ਦਿੱਤਾ ਗਿਆ ਹੈ:

| ਵੈਕਟਰ ਗ੍ਰਾਫਿਕਸ | ਬਿੱਟਮੈਪ ਗ੍ਰਾਫਿਕਸ |
|---|---|
| 1. ਵੈਕਟਰ ਗ੍ਰਾਫਿਕਸ ਵਿੱਚ ਕੰਟਰੋਲ ਪੁਆਇੰਟ ਹੁੰਦੇ ਹਨ ਜੋ ਲਾਈਨਾਂ ਜਾਂ ਕਰਵ ਦੁਆਰਾ ਜੁੜੇ ਹੁੰਦੇ ਹਨ, ਜਿਸਨੂੰ ਵੈਕਟਰ ਪਾਥ ਕਿਹਾ ਜਾਂਦਾ ਹੈ। | 1. ਬਿਟਮੈਪ ਗ੍ਰਾਫਿਕਸ ਵਿੱਚ ਬਹੁਤ ਸਾਰੇ ਛੋਟੇ-ਛੋਟੇ ਬਿੰਦੂ ਹੁੰਦੇ ਹਨ ਜਿਨ੍ਹਾਂ ਨੂੰ ਪਿਕਸਲਜ਼ ਕਿਹਾ ਜਾਂਦਾ ਹੈ। |
| 2. ਇਹ ਬਹੁਭੁਜ (ਪੋਲੀਗੋਨ) ਅਤੇ ਹੋਰ ਆਕਾਰ ਬਣਾਉਣ ਲਈ ਵਰਤੇ ਜਾਂਦੇ ਹਨ। | 2. ਡਿਜੀਟਲ ਤਸਵੀਰਾਂ ਜਾਂ ਸਕੈਨ ਕੀਤੀਆਂ ਤਸਵੀਰਾਂ ਇਹਨਾਂ ਗ੍ਰਾਫਿਕਸ ਦੀਆਂ ਉਦਾਹਰਣਾਂ ਹਨ। |
| 3. ਹਰ ਆਕਾਰ ਦੀ ਵਸਤੂ ਨੂੰ ਵੱਖ-ਵੱਖ ਤਰੀਕਿਆਂ ਨਾਲ ਐਡਿਟ ਕਰਨਾ ਸੰਭਵ ਹੈ। | 3. ਬਿੱਟਮੈਪ ਗ੍ਰਾਫਿਕਸ ਸਾਫਟਵੇਅਰ ਦੀ ਮਦਦ ਨਾਲ ਹਰੇਕ ਪਿਕਸਲ ਨੂੰ ਐਡਿਟ ਕਰਨਾ ਸੰਭਵ ਹੈ। |
| 4. ਐਡੋਬ ਇਲਸਟ੍ਰੇਟਰ ਅਤੇ ਕੋਰਲ ਡਰਾਅ - ਵੈਕਟਰ ਗ੍ਰਾਫਿਕਸ ਸਾਫਟਵੇਅਰਾਂ ਦੀਆਂ ਉਦਾਹਰਣ ਹਨ। | 4. ਅਡੋਬ ਫੋਟੋਸ਼ਾਪ - ਬਿੱਟਮੈਪ ਗ੍ਰਾਫਿਕਸ ਸਾਫਟਵੇਅਰ ਦੀ ਸਭ ਤੋਂ ਵਧੀਆ ਉਦਾਹਰਣ ਹੈ। |
| 5. ਫ਼ਾਈਲ ਦਾ ਆਕਾਰ ਤਸਵੀਰ ਦੇ ਆਕਾਰ 'ਤੇ ਨਿਰਭਰ ਨਹੀਂ ਕਰਦਾ। | 5. ਫ਼ਾਈਲ ਦਾ ਆਕਾਰ ਚਿੱਤਰ ਦੇ ਆਕਾਰ 'ਤੇ ਨਿਰਭਰ ਕਰਦਾ ਹੈ। |
| 6. ਜਦੋਂ ਇੱਕ ਵੈਕਟਰ ਗ੍ਰਾਫਿਕਸ ਨੂੰ ਮੁੜ ਆਕਾਰ ਦਿੱਤਾ ਜਾਂਦਾ ਹੈ, ਤਾਂ ਇਸਦੀ ਗੁਣਵੱਤਾ ਵਿੱਚ ਕਮੀ ਨਹੀਂ ਆਉਂਦੀ। | 6. ਜਦੋਂ ਇੱਕ ਬਿਟਮੈਪ ਗ੍ਰਾਫਿਕਸ ਨੂੰ ਮੁੜ ਆਕਾਰ ਦਿੱਤਾ ਜਾਂਦਾ ਹੈ, ਤਾਂ ਇਸਦੀ ਗੁਣਵੱਤਾ ਘਟ ਜਾਂਦੀ ਹੈ। |



**ਪ੍ਰਸ਼ਨ:2 ਡੈਸਕਟਾਪ ਪਬਲੀਸ਼ਿੰਗ ਸਾਫਟਵੇਅਰ ਕੀ ਹੁੰਦੇ ਹਨ? ਕਿਸੇ ਵੀ ਦੋ ਡੈਸਕਟਾਪ ਪਬਲੀਸ਼ਿੰਗ ਸਾਫਟਵੇਅਰਾਂ ਸੰਬੰਧੀ ਲਿਖੋ।**

ਉੱਤਰ: ਡੈਸਕਟਾਪ ਪਬਲਿਸ਼ਿੰਗ (DTP) ਸਾਫਟਵੇਅਰ ਉਹ ਸਾਫਟਵੇਅਰ ਹੁੰਦੇ ਹਨ ਜਿਹਨਾਂ ਦੀ ਵਰਤੋਂ ਵਿਜ਼ੂਅਲ ਸੰਚਾਰ, ਜਿਵੇਂ ਕਿ ਅਖਬਾਰਾਂ, ਬਿਜ਼ਨਸ ਕਾਰਡ, ਗ੍ਰੀਟਿੰਗ ਕਾਰਡ, ਰਸਾਲੇ, ਪੋਸਟਰ, ਕਿਤਾਬਾਂ ਆਦਿ ਤਿਆਰ ਕਰਨ ਲਈ ਵਰਤੇ ਜਾਂਦੇ ਹਨ। ਇਹ ਸਾਫਟਵੇਅਰ ਦਿੱਤੀ ਗਈ ਜਾਣਕਾਰੀ ਦਾ ਇਲੈਕਟ੍ਰਾਨਿਕ ਰੂਪ ਬਣਾਉਣ ਵਿੱਚ ਮਦਦ ਕਰਦੇ ਹਨ। ਆਮ ਵਰਤੇ ਜਾਣ ਵਾਲੇ ਡੈਸਕਟਾਪ ਪਬਲਿਸ਼ਿੰਗ ਸਾਫਟਵੇਅਰਾਂ ਦਾ ਵਰਨਣ ਹੇਠਾਂ ਕੀਤਾ ਗਿਆ ਹੈ:

- **ਮਾਈਕ੍ਰੋਸਾਫਟ ਪਬਲਿਸ਼ਰ:** ਇਹ ਸਾਫਟਵੇਅਰ ਮਾਈਕ੍ਰੋਸਾਫਟ ਦੁਆਰਾ ਤਿਆਰ ਕੀਤੀ ਗਈ DTP ਐਪਲੀਕੇਸ਼ਨ ਹੈ। ਇਸ ਐਪਲੀਕੇਸ਼ਨ ਵਿੱਚ ਪੇਜ ਲੇਆਉਟ ਤਿਆਰ ਕਰਨਾ ਅਤੇ ਉਸਨੂੰ ਡਿਜ਼ਾਈਨ ਕਰਨ ਉਪਰ ਜ਼ੋਰ ਦਿੱਤਾ ਜਾਂਦਾ ਹੈ। ਮਾਈਕ੍ਰੋਸਾਫਟ ਪਬਲਿਸ਼ਰ ਦਾ ਪਹਿਲਾ ਵਰਜਨ ਸਾਲ 1991 ਵਿੱਚ ਜਾਰੀ ਕੀਤਾ ਗਿਆ ਸੀ।
- **ਐਡੋਬ ਫੋਟੋਸ਼ਾਪ:** ਇਹ ਸਾਫਟਵੇਅਰ Adobe Inc ਦੁਆਰਾ ਤਿਆਰ ਕੀਤੀ ਗਈ DTP ਐਪਲੀਕੇਸ਼ਨ ਹੈ। ਇਸਨੂੰ ਮਾਰਕੀਟ ਵਿੱਚ ਸਭ ਤੋਂ ਵੱਧ ਸ਼ਕਤੀਸ਼ਾਲੀ ਇਮੇਜ਼ ਐਡਿਟਿੰਗ ਸਾਫਟਵੇਅਰ ਮੰਨਿਆ ਜਾਂਦਾ ਹੈ। ਇਸ ਵਿੱਚ ਉਹ ਸਾਰੇ ਫੋਟੋ ਐਡੀਟਿੰਗ ਟੂਲ ਮੋਜੂਦ ਹਨ ਜੋ ਇੱਕ ਫੋਟੋਗ੍ਰਾਫਰ ਦੀਆਂ ਤਸਵੀਰਾਂ ਨੂੰ ਅਗਲੇ ਪੱਧਰ ਤੱਕ ਲੈ ਜਾ ਸਕਦੀਆਂ ਹਨ।

**ਪ੍ਰਸ਼ਨ:3 ਇੰਪੈਕਟ ਅਤੇ ਨਾਨ-ਇੰਪੈਕਟ ਪ੍ਰਿੰਟਰਾਂ ਵਿਚ ਕੀ ਅੰਤਰ ਹੈ?**

ਉੱਤਰ: ਇੰਪੈਕਟ ਅਤੇ ਨਾਨ-ਇੰਪੈਕਟ ਪ੍ਰਿੰਟਰਾਂ ਵਿਚਕਾਰ ਅੰਤਰ ਇਸ ਪ੍ਰਕਾਰ ਹੈ:

| ਇੰਪੈਕਟ ਪ੍ਰਿੰਟਰ | ਨਾਨ-ਇੰਪੈਕਟ ਪ੍ਰਿੰਟਰ |
|---|---|
| 1. ਇਹ ਪ੍ਰਿੰਟਰ ਅੱਖਰਾਂ ਅਤੇ ਗ੍ਰਾਫਿਕਸ ਨੂੰ ਪ੍ਰਿੰਟ ਕਰਨ ਲਈ ਸਟਰਾਈਕਿੰਗ ਵਿਧੀ ਨਾਲ ਪ੍ਰਿੰਟ ਕਰਦੇ ਹਨ। | 1. ਇਹ ਪ੍ਰਿੰਟਰ ਅੱਖਰਾਂ ਅਤੇ ਗ੍ਰਾਫਿਕਸ ਨੂੰ ਪ੍ਰਿੰਟ ਕਰਨ ਲਈ ਸਟਰਾਈਕਿੰਗ ਵਿਧੀ ਦੀ ਵਰਤੋਂ ਨਹੀਂ ਕਰਦੇ। |
| 2. ਪ੍ਰਿੰਟਰ ਹੈੱਡ ਕਾਗਜ਼ ਅਤੇ ਰੀਬਨ ਉਪਰ ਸਟ੍ਰਾਇਕ ਕਰਕੇ ਪ੍ਰਿੰਟਿੰਗ ਕਰਦਾ ਹੈ। | 2. ਇਹ ਪ੍ਰਿੰਟਰ ਕਾਗਜ਼ ਉੱਤੇ ਸਿਆਹੀ ਦੀਆਂ ਬੂੰਦਾ ਸਪ੍ਰੇਅ ਕਰਕੇ ਜਾਂ ਲੇਜ਼ਰ ਤਕਨੀਕ ਦੀ ਵਰਤੋਂ ਕਰਕੇ ਪ੍ਰਿੰਟਿੰਗ ਕਰਦੇ ਹਨ। |
| 3. ਪ੍ਰਿੰਟਿੰਗ ਲਈ ਇਲੈਕਟ੍ਰੋਮਕੈਨੀਕਲ ਯੰਤਰ ਵਰਤੇ ਜਾਂਦੇ ਹਨ। | 3. ਪ੍ਰਿੰਟਿੰਗ ਲਈ ਨਾਨ-ਇਲੈਕਟਰੋਮਕੈਨੀਕਲ ਯੰਤਰ ਵਰਤੇ ਜਾਂਦੇ ਹਨ। |
| 4. ਇਹਨਾਂ ਪ੍ਰਿੰਟਰਾਂ ਦੀ ਪ੍ਰਿੰਟਿੰਗ ਸਪੀਡ ਹੌਲੀ ਹੁੰਦੀ ਹੈ। | 4. ਇਹਨਾਂ ਪ੍ਰਿੰਟਰਾਂ ਦੀ ਪ੍ਰਿੰਟਿੰਗ ਸਪੀਡ ਤੇਜ਼ ਹੁੰਦੀ ਹੈ। |
| 5. ਇਹ ਪ੍ਰਿੰਟਰ ਪ੍ਰਿੰਟਿੰਗ ਕਰਦੇ ਹੋਏ ਜਿਆਦਾ ਸ਼ੋਰ ਕਰਦੇ ਹਨ | 5. ਇਹ ਪ੍ਰਿੰਟਰ ਪ੍ਰਿੰਟਿੰਗ ਕਰਦੇ ਹੋਏ ਜਿਆਦਾ ਸ਼ੋਰ ਨਹੀਂ ਕਰਦੇ। |
| 6. ਇਹਨਾਂ ਪ੍ਰਿੰਟਰਾਂ ਦੀਆਂ ਉਦਾਹਰਨਾਂ ਹਨ: DMP, ਡੇਜ਼ੀ-ਵ੍ਹੀਲ ਪ੍ਰਿੰਟਰ, ਅਤੇ ਲਾਈਨ ਪ੍ਰਿੰਟਰ। | 6. ਇਹਨਾਂ ਪ੍ਰਿੰਟਰਾਂ ਦੀਆਂ ਉਦਾਹਰਨਾਂ ਹਨ: ਇੰਕਜੇਟ ਪ੍ਰਿੰਟਰ ਅਤੇ ਲੇਜ਼ਰ ਪ੍ਰਿੰਟਰ। |

**ਪ੍ਰਸ਼ਨ:4 ਡੈਸਕਟਾਪ ਪਬਲੀਸ਼ਿੰਗ ਅਤੇ ਵਰਡ ਪ੍ਰੋਸੈਸਿੰਗ ਸਾਫਟਵੇਅਰਾਂ ਵਿਚ ਕੋਈ 6 ਅੰਤਰ ਲਿਖੋ।**

ਉੱਤਰ: ਡੈਸਕਟਾਪ ਪਬਲੀਸ਼ਿੰਗ ਅਤੇ ਵਰਡ ਪ੍ਰੋਸੈਸਿੰਗ ਸਾਫਟਵੇਅਰਾਂ ਵਿਚ ਮੁੱਖ ਅੰਤਰ ਹੇਠਾਂ ਦਿਤੇ ਗਏ ਹਨ:

| ਵਰਡ ਪ੍ਰੋਸੈਸਿੰਗ | ਡੈਸਕਟਾਪ ਪਬਲੀਸ਼ਿੰਗ |
|---|---|
| 1. ਵਰਡ ਪ੍ਰੋਸੈਸਿੰਗ ਸਾਫਟਵੇਅਰ ਯੂਜ਼ਰਜ਼ ਨੂੰ ਉਹਨਾਂ ਦਸਤਾਵੇਜ਼ਾਂ ਨੂੰ ਬਣਾਉਣ ਦੀ ਆਗਿਆ ਦਿੰਦਾ ਹੈ ਜਿਹਨਾਂ ਵਿੱਚ ਜਿਆਦਾਤਰ ਟੈਕਸਟ ਹੁੰਦਾ ਹੈ। | 1. ਡੈਸਕਟਾਪ ਪਬਲਿਸ਼ਿੰਗ ਸਾਫਟਵੇਅਰ ਯੂਜ਼ਰਜ਼ ਨੂੰ ਅਜਿਹੇ ਦਸਤਾਵੇਜ਼ ਬਣਾਉਣ ਦੀ ਆਗਿਆ ਦਿੰਦਾ ਹੈ ਜਿਸ ਵਿੱਚ ਟੈਕਸਟ ਅਤੇ ਗ੍ਰਾਫਿਕਸ ਹੁੰਦੇ ਹਨ ਅਤੇ ਡਾਕੂਮੈਂਟ ਲੇਆਉਟ ਮਹੱਤਵਪੂਰਨ ਹੁੰਦਾ ਹੈ। |
| 2. ਇਹ ਸਾਫਟਵੇਅਰ ਘੱਟ ਮਹਿੰਗੇ ਹੁੰਦੇ ਹਨ। | 2. ਇਹ ਸਾਫਟਵੇਅਰ ਜ਼ਿਆਦਾ ਮਹਿੰਗੇ ਹੁੰਦੇ ਹਨ। |
| 3. ਇਹ ਟੈਕਸਟ ਅਧਾਰਤ ਐਡੀਟਰ ਹੁੰਦੇ ਹਨ। | 3. ਇਹ ਗ੍ਰਾਫਿਕਸ ਅਧਾਰਤ ਐਡੀਟਰ ਹੁੰਦੇ ਹਨ। |
| 4. ਵਰਡ ਪ੍ਰੋਸੈਸਿੰਗ ਦਸਤਾਵੇਜ਼ਾਂ ਦੀਆਂ ਉਦਾਹਰਨਾਂ ਹਨ: ਸਧਾਰਨ ਮੈਮੋ, ਚਿੱਠੀ-ਪੱਤਰ, ਰੈਜ਼ਿਊਮੇ ਆਦਿ। | 4. ਡੈਸਕਟਾਪ ਪਬਲਿਸ਼ਿੰਗ ਦਸਤਾਵੇਜ਼ਾਂ ਦੀਆਂ ਉਦਾਹਰਨਾਂ ਹਨ: ਨਿਊਜ਼ਲੈਟਰ, ਮੈਗਜ਼ੀਨ, ਪੋਸਟਰ, ਬਰੋਸ਼ਰ ਆਦਿ। |
| 5. ਵਰਡ ਪ੍ਰੋਸੈਸਰ ਵਿੱਚ ਟੈਕਸਟ ਨੂੰ ਸਿੱਧੇ ਖਾਲੀ ਪੰਨੇ ਵਿੱਚ ਦਾਖਲ ਕੀਤਾ ਜਾ ਸਕਦਾ ਹੈ। | 5. ਡੈਸਕਟਾਪ ਪਬਲੀਸ਼ਰ ਵਿੱਚ ਟੈਕਸਟ ਅਤੇ ਗ੍ਰਾਫਿਕਸ ਦਾਖਲ ਕਰਨ ਲਈ ਫਰੇਮਜ਼ ਦੀ ਵਰਤੋਂ ਕੀਤੀ ਜਾਂਦੀ ਹੈ। |
| 6. ਵਰਡ ਪ੍ਰੋਸੈਸਿੰਗ ਸਾਫਟਵੇਅਰ ਦੀਆਂ ਉਦਾਹਰਨਾਂ ਹਨ: ਮਾਈਕ੍ਰੋਸਾਫਟ ਵਰਡ, ਵਰਡ-ਪ੍ਰੋ, ਵਰਡ ਪਰਫੈਕਟ ਆਦਿ। | 6. DTP ਸਾਫਟਵੇਅਰ ਦੀਆਂ ਉਦਾਹਰਨਾਂ ਹਨ: ਐਡੋਬ ਪੇਜ਼ਮੇਕਰ, ਮਾਈਕਰੋਸਾਫਟ ਪਬਲੀਸ਼ਰ, ਐਡੋਬ ਫੋਟੋਸ਼ਾਪ ਆਦਿ। |

## ਪਾਠ 7
## ਮਾਈਕਰੋਸਾਫਟ ਪਬਲੀਸ਼ਰ

**ਪ੍ਰਸ਼ਨ:1 ਬਹੁ-ਪਸੰਦੀ ਪ੍ਰਸ਼ਨ:**

1. ਆਕਰਸ਼ਕ ਇਸ਼ਤਿਹਾਰਬਾਜ਼ੀ ਅਤੇ ਪ੍ਰਚਾਰ ਸਮੱਗਰੀ ਦੇ ਡਿਜ਼ਾਈਨ ਅਤੇ ਉਤਪਾਦਨ ਲਈ ਵਰਤੀ ਜਾਣ ਵਾਲੀ ਇੱਕ ਐਪਲੀਕੇਸ਼ਨ ਦੀ ਚੋਣ ਕਰੋ:
   ੳ. ਵਰਡ-ਪ੍ਰੋਸੈਸਰ  ਅ. ਸਪ੍ਰੈਡਸ਼ੀਟ  ੲ. ਪਬਲੀਸ਼ਰ  ਸ. ਪ੍ਰੇਜ਼ਨਟੇਸ਼ਨ
2. ਪਬਲੀਕੇਸ਼ਨ ਦਾ ਪਹਿਲਾਂ ਤੋਂ ਪਰਿਭਾਸ਼ਿਤ ਮਾਡਲ ________ ਹੁੰਦਾ ਹੈ।
   ੳ. ਟੈਂਪਲੇਟ  ਅ. ਕਲਿੱਪਆਰਟ  ੲ. ਓਬਜੈਕਟ (Object)  ਸ. ਸਟਾਈਲ (Style)
3. ਅੱਜ-ਕੱਲ੍ਹ ਦੇ ਬਰੋਸ਼ਰ ਇਲੈਕਟ੍ਰੌਨਿਕ ਫਾਰਮੈਟ ਵਿੱਚ ਵੀ ਉਪਲਬਧ ਹਨ, ਇਹਨਾਂ ਨੂੰ ___________ ਕਿਹਾ ਜਾਂਦਾ ਹੈ।
   ੳ. ਈ-ਬਰੋਸ਼ਰਜ਼  ਅ. ਐਮ-ਬਰੋਸ਼ਰਜ਼  ੲ. ਟੀ-ਬਰੋਸ਼ਰਜ਼  ਸ. ਕੇ-ਬਰੋਸ਼ਰਜ਼
4. __________ ਇੱਕ ਪ੍ਰਿੰਟਿਡ ਹੈਡਿੰਗ ਨਾਲ ਸਟੇਸ਼ਨਰੀ ਹੁੰਦੀ ਹੈ। ਹੈਡਿੰਗ ਵਿੱਚ ਆਮ ਤੌਰ ਤੇ ਇੱਕ ਨਾਮ, ਇੱਕ ਐਡਰੈਸ ਅਤੇ ਇੱਕ ਲੋਗੋ ਸ਼ਾਮਲ ਹੁੰਦਾ ਹੈ।
   ੳ. ਲੈਟਰਹੈੱਡ  ਅ. ਪ੍ਰੋਗਰਾਮ (Program)  ੲ. ਇਨਵੀਟੇਸ਼ਨ ਕਾਰਡ  ਸ. ਕੈਟਾਲਾਗ (Catalogue)
5. ਰਿਜ਼ਿਊਮ ਤੋਂ ਲੰਬਾ ਕੀ ਹੁੰਦਾ ਹੈ ਜੋ ਘੱਟੋ ਘੱਟ ਦੋ ਜਾਂ ਤਿੰਨ ਪੇਜਾਂ ਵਿਚ ਹੁੰਦਾ ਹੈ?
   ੳ. ਕਰਿਕਿਉਲਮ ਵਿਟੇ (CV)  ਅ. ਬੈਨਰ (Banner)  ੲ. ਇਨਵਟੀਟੇਸ਼ਨ ਕਾਰਡ  ਸ. ਕੈਟਾਲਾਗ (Catalogue)

**ਪ੍ਰਸ਼ਨ:2 ਖਾਲੀ ਥਾਵਾਂ ਭਰੋ:**

1. ਇਸ਼ਤਿਹਾਰਬਾਜ਼ੀ (Advertising) ਦਾ ਮਤਲਬ ਹੈ ਕਿ ਕਿਵੇਂ ਇੱਕ ਕੰਪਨੀ ਲੋਕਾਂ ਨੂੰ ਉਨ੍ਹਾਂ ਦੇ ___________, ਸੇਵਾਵਾਂ ਜਾਂ ਵਿਚਾਰਾਂ ਨੂੰ ਖਰੀਦਣ ਲਈ ਉਤਸ਼ਾਹਤ ਕਰਦੀ ਹੈ।
2. ___________ ਇੱਕ ਪ੍ਰਿੰਟਿਡ ਰਿਪੋਰਟ ਹੁੰਦੀ ਹੈ ਜਿਸ ਵਿੱਚ ਕਿਸੇ ਕਾਰੋਬਾਰ ਜਾਂ ਕਿਸੇ ਸੰਗਠਨ ਦੀਆਂ ਗਤੀਵਿਧੀਆਂ ਦੀ ਖ਼ਬਰ ਜਾਂ ਜਾਣਕਾਰੀ ਹੁੰਦੀ ਹੈ।
3. ਕਾਰੋਬਾਰੀ ਕਾਰਡ ਉਹ ਕਾਰਡ ਹੁੰਦੇ ਹਨ ਜਿਨ੍ਹਾਂ ਵਿੱਚ ___________ ਜਾਂ ___________ ਬਾਰੇ ਕਾਰੋਬਾਰੀ ਜਾਣਕਾਰੀ ਹੁੰਦੀ ਹੈ।
4. ਇੱਕ ਰਿਜ਼ਿਊਮ ਸਾਡੀ _____________, ਕੰਮ ਦੇ ਇਤਿਹਾਸ (work history), ਪ੍ਰਮਾਣ ਪੱਤਰਾਂ ਅਤੇ ਹੋਰ ਪ੍ਰਾਪਤੀਆਂ ਅਤੇ ਹੁਨਰਾਂ ਦਾ ਸਾਰਾਂਸ਼ ਪ੍ਰਦਾਨ ਕਰਦਾ ਹੈ।
5. ___________ ਨੌਕਰੀ ਦੀਆਂ ਅਰਜ਼ੀਆਂ ਵਿੱਚ ਬਿਨੈਕਾਰਾਂ (applicants) ਵੱਲੋਂ ਦਿੱਤਾ ਜਾਣ ਵਾਲਾ ਇੱਕ ਆਮ ਡਾਕੂਮੈਂਟ ਹੁੰਦਾ ਹੈ।

ਉੱਤਰ: 1. ਉਤਪਾਦਾਂ 2. ਨਿਊਜ਼ਲੈਟਰ 3. ਵਿਅਕਤੀ, ਕੰਪਨੀ 4. ਸਿੱਖਿਆ 5. ਰਿਜ਼ਿਊਮ

**ਪ੍ਰਸ਼ਨ:3 ਸਹੀ ਜਾਂ ਗਲਤ ਲਿਖੋ:**

1. ਟੈਂਪਲੇਟ ਇੱਕ ਅਜਿਹਾ ਟੂਲ ਹੈ ਜੋ ਪਬਲੀਸ਼ਰ ਵਿੱਚ ਵਰਤਿਆ ਜਾਂਦਾ ਹੈ ਤਾਂ ਜੋ ਅਸਾਨੀ ਨਾਲ ਬੁਨਿਆਦੀ ਪਬਲੀਕੇਸ਼ਨਾਂ ਬਣਾਉਣ ਵਿੱਚ ਸਾਡੀ ਸਹਾਇਤਾ ਕਰਦਾ ਹੈ।
2. ਪਬਲੀਸ਼ਰ ਬੰਦ ਕਰਨ ਤੋਂ ਪਹਿਲਾਂ ਸਾਨੂੰ ਸਾਰੇ ਪਬਲੀਕੇਸ਼ਨ ਬੰਦ ਨਹੀਂ ਕਰਨੇ ਚਾਹੀਦੇ।
3. ਪ੍ਰਸ਼ੰਸਾ ਕਾਰਡ ਉੱਚ ਗੁਣਵੱਤਾ ਵਾਲਾ ਪ੍ਰਿੰਟਿਡ ਕਾਰਡ ਜਾਂ ਕਾਗਜ਼ ਦਾ ਇੱਕ ਟੁਕੜਾ ਹੁੰਦਾ ਹੈ ਜੋ ਇਸ਼ਤਿਹਾਰਬਾਜ਼ੀ ਲਈ ਵਰਤਿਆ ਜਾਂਦਾ ਹੈ।
4. ਕਿਸੇ ਵਿਅਕਤੀ ਨੂੰ ਉਸਦੀ ਪ੍ਰਾਪਤੀ, ਮੈਰਿਟ ਅਤੇ ਸਨਮਾਨ ਵੱਜੋਂ ਸਹੀ ਸਮੇਂ ਤੇ ਦਿਤੇ ਜਾਣ ਵਾਲੇ ਸਰਟੀਫਿਕੇਟ ਉਸ ਲਈ ਸ਼ਕਤੀਸ਼ਾਲੀ ਸਾਧਨ ਸਾਬਿਤ ਹੋ ਸਕਦੇ ਹਨ।
5. ਬਰੋਸ਼ਰ ਪ੍ਰਚਾਰ ਕਰਨ ਵਾਲੇ ਦਸਤਾਵੇਜ਼ ਹੁੰਦੇ ਹਨ ਜਿਨ੍ਹਾਂ ਨੂੰ ਮੁੱਖ ਤੌਰ ਤੇ ਕਿਸੇ ਕੰਪਨੀ, ਸੰਸਥਾ, ਉਤਪਾਦਾਂ (products) ਜਾਂ ਸੇਵਾਵਾਂ ਨੂੰ ਲੋਕਾਂ ਅੱਗੇ ਪੇਸ਼ ਕਰਨ ਲਈ ਵਰਤਿਆ ਜਾਂਦਾ ਹੈ।


ਉੱਤਰ: 1. ਸਹੀ 2. ਗਲਤ 3. ਗਲਤ 4. ਸਹੀ 5. ਸਹੀ

**ਪ੍ਰਸ਼ਨ:4 ਛੋਟੇ ਉੱਤਰਾਂ ਵਾਲੇ ਪ੍ਰਸ਼ਨ:**

**ਪ੍ਰਸ਼ਨ:1 ਪਬਲੀਸ਼ਰ ਕੀ ਹੈ?**

ਉੱਤਰ: ਪਬਲੀਸ਼ਰ ਇੱਕ ਡੈਸਕਟਾਪ ਐਪਲੀਕੇਸ਼ਨ ਹੈ। ਪਬਲੀਸ਼ਰ ਦਾ ਪਹਿਲਾ ਵਰਜਨ ਮਾਈਕ੍ਰੋਸਾਫਟ ਦੁਆਰਾ ਸਾਲ 1991 ਵਿੱਚ ਜਾਰੀ ਕੀਤਾ ਗਿਆ ਸੀ। ਮਾਈਕ੍ਰੋਸੌਫਟ ਪਬਲੀਸ਼ਰ ਵਿੱਚ ਪੇਜ ਲੇਆਉਟ ਅਤੇ ਡਿਜ਼ਾਈਨ ਤਿਆਰ ਕਰਨ 'ਤੇ ਜ਼ੋਰ ਦਿੱਤਾ ਜਾਂਦਾ ਹੈ। ਇਸਦੀ ਵਰਤੋਂ ਆਕਰਸ਼ਕ ਇਸ਼ਤਿਹਾਰਬਾਜ਼ੀ ਅਤੇ ਪ੍ਰਚਾਰ ਸਮੱਗਰੀ, ਜਿਵੇਂ ਕਿ ਲੈਟਰ ਹੈੱਡ, ਬੈਨਰ, ਪੋਸਟਰ, ਕੈਲੰਡਰ, ਇਨਵੀਟੇਸ਼ਨ ਕਾਰਡ, ਅਤੇ ਨਿਊਜ਼ਲੈਟਰ ਆਦਿ ਨੂੰ ਡਿਜ਼ਾਈਨ ਅਤੇ ਤਿਆਰ ਕਰਨ ਲਈ ਕੀਤੀ ਜਾਂਦੀ ਹੈ। ਇਸ ਇਸ਼ਤਿਹਾਰਬਾਜ਼ੀ ਅਤੇ ਪ੍ਰਚਾਰ ਸਮੱਗਰੀ ਨੂੰ ਪਬਲੀਕੇਸ਼ਨ ਕਿਹਾ ਜਾਂਦਾ ਹੈ।

**ਪ੍ਰਸ਼ਨ:2 ਰਨ ਕਮਾਂਡ ਦੀ ਵਰਤੋਂ ਨਾਲ ਪਬਲੀਸ਼ਰ ਨੂੰ ਕਿਵੇਂ ਸਟਾਰਟ ਕੀਤਾ ਜਾਂਦਾ ਹੈ?**




ਉੱਤਰ: ਰਨ ਕਮਾਂਡ ਦੀ ਵਰਤੋਂ ਕਰਦੇ ਹੋਏ ਪਬਲੀਸ਼ਰ ਨੂੰ ਸ਼ੁਰੂ ਕਰਨ ਦੇ ਸਟੈਪ ਹੇਠਾਂ ਦਿਤੇ ਗਏ ਹਨ:

1. ਰਨ ਕਮਾਂਡ ਬਾਕਸ ਖੋਲਣ ਲਈ ਕੀਬੋਰਡ ਤੋਂ ਵਿੰਡੋ ਕੀਅ + R ਦਬਾਓ।
2. ਇਸ ਵਿੱਚ MSPUB ਟਾਈਪ ਕਰੋ।
3. ਕੀਬੋਰਡ ਤੋਂ ਐਂਟਰ ਕੀ ਦਬਾਓ ਜਾਂ ਰਨ ਕਮਾਂਡ ਬਾਕਸ ਦੇ OK ਬਟਨ 'ਤੇ ਕਲਿੱਕ ਕਰੋ।

**ਪ੍ਰਸ਼ਨ:3 ਟੈਂਪਲੇਟਸ ਨੂੰ ਪਰਿਭਾਸ਼ਿਤ ਕਰੋ।**

ਉੱਤਰ: ਟੈਂਪਲੇਟ ਪਬਲੀਸ਼ਰ ਦਾ ਡਿਫਾਲਟ ਮਾਡਲ ਹੈ। ਟੈਂਪਲੇਟ ਦੀ ਮਦਦ ਨਾਲ ਇੱਕ ਬੁਨਿਆਦੀ ਪਬਲੀਕੇਸ਼ਨ ਬਹੁਤ ਆਸਾਨੀ ਨਾਲ ਤਿਆਰ ਕੀਤੀ ਜਾ ਸਕਦੀ ਹੈ। ਟੈਂਪਲੇਟਸ ਵਿੱਚ ਪਹਿਲਾਂ ਤੋਂ ਪ੍ਰਭਾਸ਼ਿਤ ਡਿਜ਼ਾਈਨ-ਸਟਾਈਲ ਉਪਲਬਧ ਹੁੰਦੇ ਹਨ। ਅਸੀਂ ਇਹਨਾਂ ਡਿਜ਼ਾਈਨਾਂ ਨੂੰ ਬਿਨਾਂ ਕਿਸੇ ਬਦਲਾਵ ਕੀਤੇ ਜਾਂ ਉਹਨਾਂ ਵਿੱਚ ਜਰੂਰਤ ਅਨੁਸਾਰ ਬਦਲਾਵ ਕਰਕੇ ਵਰਤ ਸਕਦੇ ਹਾਂ। Office.com 'ਤੇ ਬਹੁਤ ਸਾਰੇ ਪ੍ਰਸਿੱਧ ਟੈਂਪਲੇਟ ਉਪਲਬਧ ਹਨ ਜਿਨ੍ਹਾਂ ਨੂੰ ਆਸਾਨੀ ਨਾਲ ਡਾਊਨਲੋਡ ਕਰਕੇ ਪਬਲੀਕੇਸ਼ਨ ਬਣਾਉਣ ਲਈ ਵਰਤਿਆ ਜਾ ਸਕਦਾ ਹੈ।

**ਪ੍ਰਸ਼ਨ:4 ਵਿਗਿਆਪਨ ਲਈ ਕਿਹੜੇ ਪਬਲੀਕੇਸ਼ਨ ਵਰਤੇ ਜਾ ਸਕਦੇ ਹਨ?**

ਉੱਤਰ: ਵਿਗਿਆਪਨ ਲਈ ਵਰਤੇ ਜਾਂਦੇ ਵੱਖ-ਵੱਖ ਪਬਲੀਕੇਸ਼ਨ ਹੇਠਾਂ ਦਿਤੇ ਗਏ ਹਨ:

- ਬਰੋਸ਼ਰ
- ਬੈਨਰ
- ਨਿਊਜ਼ਲੈਟਰਸ
- ਬਿਜ਼ਨਸ ਕਾਰਡ

**ਪ੍ਰਸ਼ਨ:5 ਬੈਨਰ ਕੀ ਹੈ?**

ਉੱਤਰ: ਬੈਨਰ ਇਕ ਪਬਲੀਕੇਸ਼ਨ ਹੈ ਜਿਸਨੂੰ ਮਾਈਕਰੋਸਾਫਟ ਪਬਲੀਸ਼ਰ ਦੀ ਮਦਦ ਨਾਲ ਆਸਾਨੀ ਨਾਲ ਤਿਆਰ ਕੀਤਾ ਜਾ ਸਕਦਾ ਹੈ। ਇਹ ਕੱਪੜੇ ਦੀ ਇੱਕ ਲੰਬੀ ਪੱਟੀ ਹੁੰਦੀ ਹੈ। ਆਮ ਤੌਰ 'ਤੇ, ਇਹ ਇੱਕ ਪ੍ਰਤੀਕ, ਲੋਗੋ, ਸਲੋਗਨ ਜਾਂ ਹੋਰ ਮਾਰਕੀਟਿੰਗ ਸੰਦੇਸ਼ ਦਿੰਦਾ ਹੈ। ਬੈਨਰ ਆਮ ਤੌਰ 'ਤੇ ਜਨਤਕ ਥਾਵਾਂ 'ਤੇ ਟੰਗੇ ਜਾਂਦੇ ਹਨ। ਆਨਲਾਈਨ ਬੈਨਰ ਇੱਕ ਗ੍ਰਾਫਿਕ ਚਿੱਤਰ ਹੁੰਦਾ ਹੈ। ਇਹ ਆਮ ਤੌਰ 'ਤੇ ਵੈੱਬ ਪੰਨਿਆਂ 'ਤੇ ਰੱਖਿਆ ਗਿਆ ਇੱਕ ਆਇਤਾਕਾਰ ਇਸ਼ਤਿਹਾਰ ਹੁੰਦਾ ਹੈ।




**ਪ੍ਰਸ਼ਨ:5 ਵੱਡੇ ਉੱਤਰਾਂ ਵਾਲੇ ਪ੍ਰਸ਼ਨ:**

**ਪ੍ਰਸ਼ਨ:1 ਪਬਲੀਸ਼ਰ ਵਿੰਡੋ ਦੇ ਮੁੱਖ ਭਾਗਾਂ ਦਾ ਵਰਨਣ ਕਰੋ।**

ਉੱਤਰ: ਪ੍ਰਕਾਸ਼ਕ ਵਿੰਡੋ ਦੇ ਤਿੰਨ ਸਭ ਤੋਂ ਮਹੱਤਵਪੂਰਨ ਭਾਗ ਹਨ:

1. **ਕਵਿੱਕ ਐਕਸੈਸ ਟੂਲਬਾਰ:** ਇਹ ਟੂਲਬਾਰ ਟਾਈਟਲ ਬਾਰ ਵਿਚ ਖੱਬੇ ਪਾਸੇ ਦਿਖਾਈ ਦਿੰਦੀ ਹੈ। ਇਸ ਵਿੱਚ ਅਕਸਰ ਵਰਤੀਆਂ ਜਾਂਦੀਆਂ ਕਮਾਂਡਾਂ ਹੁੰਦੀਆਂ ਹਨ। ਅਸੀਂ ਇਸ ਟੂਲਬਾਰ ਨੂੰ ਆਪਣੀ ਲੋੜ ਅਨੁਸਾਰ ਕਸਟਮਾਈਜ਼ ਵੀ ਕਰ ਸਕਦੇ ਹਾਂ।
2. **ਰਿਬਨ:** ਰਿਬਨ ਪਬਲੀਸ਼ਰ ਵਿੰਡੋ ਦੇ ਉੱਪਰਲੇ ਹਿੱਸੇ ਵਿਚ ਇੱਕ ਪੈਨਲ ਦੇ ਰੂਪ ਵਿੱਚ ਦਿਖਾਈ ਦਿੰਦਾ ਹੈ। ਇਸ ਵਿੱਚ 6 ਟੈਬਜ਼ ਹੁੰਦੇ ਹਨ: Home, Insert, Page Design, Mailings, Review ਅਤੇ View ਟੈਬ। ਹਰੇਕ ਟੈਬ ਨੂੰ ਗਰੁਪਾਂ ਵਿੱਚ ਵੰਡਿਆ ਗਿਆ ਹੁੰਦਾ ਹੈ।
3. **ਫਾਈਲ ਵਿੰਡੋ:** ਜਦੋਂ ਅਸੀਂ ਫਾਈਲ ਮੀਨੂੰ ਤੇ ਕਲਿੱਕ ਕਰਦੇ ਹਾਂ ਤਾਂ ਫਾਈਲ ਵਿੰਡੋ ਦਿਖਾਈ ਦਿੰਦੀ ਹੈ। ਇਸ ਮੀਨੂੰ ਵਿੱਚ ਫਾਈਲ ਨਾਲ ਸਬੰਧਤ ਬਹੁਤ ਸਾਰੀਆਂ ਆਪਸ਼ਨਾਂ ਹੁੰਦੀਆਂ ਹਨ, ਜਿਵੇਂ ਕਿ New, Open, Print, Save, Save As, Exit ਆਦਿ।




**ਪ੍ਰਸ਼ਨ:2 ਪਬਲੀਕੇਸ਼ਨ ਨੂੰ ਕਿਵੇਂ ਪ੍ਰਿੰਟ ਕੀਤਾ ਜਾਂਦਾ ਹੈ? ਸਟੈਪ ਲਿਖੋ।**

ਉੱਤਰ: ਇਹਨਾਂ ਕਦਮਾਂ ਦੀ ਪਾਲਣਾ ਕਰੋ:

1. File ਮੀਨੂੰ → Print ਆਪਸ਼ਨ ਤੇ ਕਲਿੱਕ ਕਰੋ ਜਾਂ Ctrl + P ਦਬਾਓ।
2. ਪ੍ਰਿੰਟ ਵਿੰਡੋ ਵਿੱਚ ਪ੍ਰਿੰਟ ਕੀਤੀਆਂ ਜਾਣ ਵਾਲੀਆਂ ਕਾਪੀਆਂ ਦੀ ਗਿਣਤੀ ਸੈਟ ਕਰੋ।
3. ਹੋਰ ਪ੍ਰਿੰਟ ਸੈਟਿੰਗਾਂ ਦੀ ਚੋਣ ਕਰੋ।
4. Print ਬਟਨ 'ਤੇ ਕਲਿੱਕ ਕਰੋ।

**ਪ੍ਰਸ਼ਨ:3 ਵਿਗਿਆਪਨ (Advertisements) ਕੀ ਹਨ? ਵਿਗਿਆਪਨ ਲਈ ਵਰਤੇ ਜਾਂਦੇ ਵੱਖ-ਵੱਖ ਪ੍ਰਿੰਟ ਮੀਡੀਆ ਦਾ ਵਰਨਣ ਕਰੋ।**

ਉੱਤਰ: ਇਸ਼ਤਿਹਾਰ ਨੂੰ "ਵਿਗਿਆਪਨ" ਵਜੋਂ ਵੀ ਜਾਣਿਆ ਜਾਂਦਾ ਹੈ। ਇਸ਼ਤਿਹਾਰ ਮਾਰਕੀਟਿੰਗ ਸੰਚਾਰ ਦਾ ਇੱਕ ਆਡੀਓ ਜਾਂ ਵਿਜ਼ੂਅਲ ਰੂਪ ਹੈ। ਆਮ ਤੌਰ 'ਤੇ ਇਸ ਵਿੱਚ ਕਿਸੇ ਉਤਪਾਦ (Product) ਜਾਂ ਸੇਵਾ (Service) ਨੂੰ ਉਤਸ਼ਾਹਿਤ ਕਰਨ ਜਾਂ ਵੇਚਣ ਲਈ ਇੱਕ ਸੰਦੇਸ਼ ਹੁੰਦਾ ਹੈ। ਇਸ਼ਤਿਹਾਰਾਂ ਲਈ ਵਰਤੇ ਜਾਂਦੇ ਵੱਖ-ਵੱਖ ਪ੍ਰਿੰਟ ਮੀਡੀਆ ਹੇਠਾਂ ਦਿਤੇ ਗਏ ਹਨ:

- **ਬਰੋਸ਼ਰ**: ਬਰੋਸ਼ਰ ਜਾਣਕਾਰੀ ਨਾਲ ਭਰਪੂਰ ਇੱਕ ਕਾਗਜ਼ ਹੁੰਦਾ ਹੈ ਜੋ ਇਸ਼ਤਿਹਾਰਬਾਜ਼ੀ ਲਈ ਵਰਤਿਆ ਜਾਂਦਾ ਹੈ। ਇਸਨੂੰ ਇੱਕ ਪੈਂਫਲੈਟ ਜਾਂ ਲੀਫਲੈਟ ਦੇ ਤੋਰ ਤੇ ਫੋਲਡ ਕੀਤਾ ਜਾ ਸਕਦਾ ਹੈ।
- **ਨਿਊਜ਼ਲੈਟਰ**: ਨਿਊਜ਼ਲੈਟਰ ਇੱਕ ਪ੍ਰਿੰਟਡ ਰਿਪੋਰਟ ਹੁੰਦੀ ਹੈ ਜਿਸ ਵਿੱਚ ਕਿਸੇ ਕਾਰੋਬਾਰ ਦੀਆਂ ਗਤੀਵਿਧੀਆਂ ਸੰਬੰਧੀ ਖਬਰ ਜਾਂ ਜਾਣਕਾਰੀ ਹੁੰਦੀ ਹੈ।
- **ਬੈਨਰ**: ਬੈਨਰ ਕੱਪੜੇ ਦੀ ਇੱਕ ਲੰਬੀ ਪੱਟੀ ਹੁੰਦੀ ਹੈ ਜਿਸ ਵਿੱਚ ਪ੍ਰਤੀਕ, ਲੋਗੋ, ਸਲੋਗਨ ਜਾਂ ਹੋਰ ਮਾਰਕੀਟਿੰਗ ਸੰਦੇਸ਼ ਹੁੰਦਾ ਹੈ।
- **ਬਿਜ਼ਨਸ ਕਾਰਡ**: ਇਹ ਇੱਕ ਛੋਟਾ ਕਾਰਡ ਹੁੰਦਾ ਹੈ ਜਿਸ ਵਿੱਚ ਕਿਸੇ ਦੇ ਨਾਮ, ਕਿੱਤੇ ਅਤੇ ਕਾਰੋਬਾਰੀ ਪਤੇ ਆਦਿ ਸੰਬੰਧੀ ਜਾਣਕਾਰੀ ਪ੍ਰਿੰਟ ਕੀਤੀ ਗਈ ਹੁੰਦੀ ਹੈ।







